BED TIME STORIES-3

(GURU ARJAN DEV JI)

(ਗੁਰੂ ਅਰਜਨ ਦੇਵ ਜੀ)

Other books by the same author on religious philosophy and history :

1.	**Hindu Sikh Sikhia (Panjabi)**	**ISBN 1 872580 00 9**
2.	**Hindu Sikh Sikhia (Hindi)**	**ISBN 1 872580 01 7**
3.	**Sach Sunai Si Sach Ki Bela (Panjabi)**	**ISBN 1 872580 05 X**
4.	**Tales of Truth (English) (Sikh Martyrs)**	**ISBN 1 872580 06 8**
5.	**Bed Time Stories-1 (Panjabi-English) (Guru Gobind Singh Ji)**	**ISBN 1 872580 20 3**
6.	**Bed Time Stories-2 (Panjabi-English) (Guru Nanak Dev Ji)**	**ISBN 1 872580 21 1**
7.	**Bed Time Stories-3 (Panjabi-English) (Guru Arjan Dev Ji)**	**ISBN 1 872580 22 X**
8.	**Bed Time Stories-4 (Panjabi-English) (Guru Tegh Bahadur Ji)**	**ISBN 1 872580 23 8**

"Bed Time Stories written by Santokh Singh Jagdev in two languages have been quite successful in conveying the message of Guru Nanak to the Western world which includes our children also."

—The Council of Sikh Gurdwaras in Birmingham, England.

"Mr. Jagdev has righteously succeeded in his mission to propagate the teachings of Guru Nanak and the Sikh Philosophy through interesting and numerous anecdotes narrated in his books......"

—Dr. Joginder Singh J.P., Birmingham, En

"We highly recommend these books to those who want to learn or t "Sikhism and Sikh Philosophy".

—Gurdwara Guru Ramdas, Singh Sabha, Birmingham,

BED TIME STORIES-3

(GURU ARJAN DEV JI)

(ਗੁਰੂ ਅਰਜਨ ਦੇਵ ਜੀ)

Santokh Singh Jagdev

Sikh Missionary Resource Centre
Birmingham (England)

Bed Time Stories-3
ISBN 1 872580 22 X

Third Edition 2000

Price Rs. 60-00

Published by :
Sikh Missionary Resource Centre
346, Green Lane Rd.,
Small Heath, Birmingham
B95DR, England.
Ph-021-772-5365

Distributors :
SINGH BROTHERS
Bazar Mai Sewan, Amritsar.

Printers :
Printwell, 146, Industrial Focal Point, Amritsar.

INDEX

"ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥"

ਜੀਵਨ-ਪਰਵਾਹ ਵਿਚ ਅਨੇਕਾਂ ਘਟਨਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ, ਜਿਨ੍ਹਾਂ ਦਾ ਪ੍ਰਭਾਵ ਅਵਚੇਤਨਾ ਉਤੇ ਬਹੁਤ ਗੰਭੀਰ ਹੋ ਗੁਜ਼ਰਦਾ ਹੈ। ਅਜੇਹੀ ਇਕ ਘਟਨਾ ਵੀਰ ਸੰਤੋਖ ਸਿੰਘ ਜਗਦੇਵ ਜੀ ਨਾਲ ਲੇਖਕ ਸਭਾ ਦੀ ਇਕ ਇਕੱਤ੍ਰਤਾ ਸਮੇਂ ਹੋਈ ਜਿਸ ਦੀ ਅਮਿੱਟ ਛਾਪ ਮੇਰੇ ਹਿਰਦੇ ਉੱਤੇ ਸਜੀਵ ਰੂਪ ਵਿਚ ਹਮੇਸ਼ਾ ਰਹੇਗੀ। ਆਪ ਆਪਣੀ ਗਹਿਰ ਗੰਭੀਰ ਕਿਰਤ 'ਹਿੰਦੂ ਸਿੱਖ ਸਿਖਿਆ' ਬਾਰੇ ਆਪਣੇ ਤਜਰਬੇ ਦੱਸ ਰਹੇ ਸਨ। ਆਪ ਅਨੁਸਾਰ ਪਾਠਕਾਂ ਨੇ ਪੁਸਤਕ ਵਿਚ ਲੁਪਤ ਅੰਤ੍ਰੀਵ ਸੰਦੇਸ਼ਾਂ ਅਤੇ ਸੰਕੇਤਾਂ ਨੂੰ ਭਲੀ-ਭਾਂਤ ਸਮਝਿਆ ਨਹੀਂ ਸੀ। ਮੈਂ, ਆਪਣੇ ਕਟਾਖੀ ਸੁਭਾਅ ਅਨੁਸਾਰ, ਤੁਰਤ ਕਿਹਾ: "ਨਾਲ ਇਕ ਟੀਕਾ ਵੀ ਲਿਖ ਦੇਣਾ ਸੀ।" ਜਗਦੇਵ ਜੀ ਮੁਸਕ੍ਰਾਏ ਅਤੇ ਇਹ ਪਹਿਲੀ ਮਿਲਣੀ ਸਦੀਵੀ ਮਿੱਤ੍ਰਤਾ ਵਿਚ, ਸਦਭਾਵਨਾ ਵਿਚ ਅਤੇ ਇਕ ਦੂਜੇ ਦੇ ਵਿਸ਼ਵਾਸਾਂ, ਵਿਚਾਰਾਂ ਅਤੇ ਨੈਤਿਕਤਾ ਨੂੰ ਸਮਝਣ ਵਿਚ ਬਦਲ ਗਈ। ਮੈਂ ਫ਼ੈਸਲਾ ਕਰ ਲਿਆ ਕਿ ਆਪਣਾ ਦਸਵੰਧ ਵਿਦਿਆ ਦੇ ਪਰਚਾਰ ਅਤੇ ਪਰਸਾਰ ਨਮਿੱਤ ਹੀ ਲੱਗੇ। ਅਕਾਲ.ਪੁਰਖ ਵਾਹਿਗੁਰੂ ਦੀ ਅਪਾਰ ਕਿਰਪਾ ਦ੍ਰਿਸ਼ਟੀ ਸਦਕਾ ਮੈਂ ਆਪਣੇ 'ਫੁਰਨੇ' ਨੂੰ ਜੀਵਨ-ਜਾਚ ਵਿਚ ਸਹਿਜ-ਮਈ ਸ਼ਾਮਲ ਕਰ ਲਿਆ ਹੈ। ਇਸ ਵਿਚ ਜਗਦੇਵ ਜੀ ਦੀ ਅਦ੍ਰਿਸ਼ਟ ਦੇਣ ਹੈ, ਜਿਸਦਾ ਮੈਂ ਰਿਣੀ ਹਾਂ।

ਪਾਠਕ ਜੀ, ਤੁਸੀਂ ਆਖੋਗੇ ਕਿ ਇਹ ਸ਼ਖ਼ਸ "ਮੈਂ, ਮੈਂ" ਕਰੀ ਜਾ ਰਿਹਾ ਹੈ—ਕਿੰਨਾ 'ਹਉਮੈ' ਵਿਚ ਫਸਿਆ ਹੋਇਆ ਹੈ। ਦਾਸ ਨੇ ਸੱਚ ਧਾਰਨ ਕਰਨ ਦਾ ਅਭਿਆਸ ਵੀ ਜਗਦੇਵ ਜੀ ਤੋਂ ਹੀ ਗ੍ਰਹਿਣ ਕੀਤਾ ਹੈ। ਕੀ 'ਦਾਸਰੇ', 'ਸੰਗਤਾਂ ਦੇ ਕੂਕਰ', 'ਨਾਚੀਜ਼', 'ਖ਼ਾਕਸਾਰ' ਆਦਿ ਅਖਵਾਉਣ ਵਾਲੇ ਸੱਚੀ ਮੁੱਚੀ ਹੀ ਹਲੀਮੀ ਜੀਵਨ-ਜਾਚ ਵਿਚ ਯਕੀਨ ਰਖਦੇ ਹਨ? ਅਸਲੀਅਤ ਦੇਖ ਪਰਖ ਕੇ ਦਾਸ ਦਾ ਹਿਰਦਾ ਵਲੂੰਧਰ ਗਿਆ ਅਤੇ ਨਤੀਜੇ ਵਜੋਂ 'ਝੂਠ-ਦਾਸ' ਨਾਲੋਂ ਸੱਚ—"ਮੈਂ" ਨੂੰ ਤਰਜੀਹ ਦੇਣੀ ਕੋਈ ਭੁੱਲ ਜਾਂ ਹਉਮੈ ਦੀ ਪ੍ਰਦਰਸ਼ਨੀ ਨਹੀਂ।

ਜਗਦੇਵ ਜੀ ਨੇ ਇਸ ਹਥਲੀ ਪੁਸਤਕ ਤੋਂ ਪਹਿਲਾਂ ਇਸੇ ਪ੍ਰਕਾਰ ਦੀਆਂ ਦੋ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ। ਇਹ ਪੁਸਤਕਾਂ ਹਵਾਈ ਡਾਕ ਰਾਹੀਂ ਇੰਗਲੈਂਡ ਮੰਗਵਾਈਆਂ। ਛਪਾਈ ਅਤੇ ਢੋਆ-ਢੁਆਈ ਦਾ ਖ਼ਰਚ ਪੂਰਾ ਕਰਨਾ ਹੀ ਸੁਭਾਗ ਵਾਲੀ ਗੱਲ ਹੋਵੇਗੀ। ਪੁਸਤਕਾਂ ਵਲੋਂ ਸਿੱਖ ਜਗਤ ਬੇ-ਮੁੱਖ ਹੋ ਰਿਹਾ ਹੈ। ਸਾਰੇ ਨਵੇਂ ਯੁੱਗ ਨੂੰ, ਪੱਛਮੀ ਮਾਦਾਪ੍ਰਸਤੀ ਨੂੰ, ਪੂਰਬੀ ਚਰਿਤ੍ਰਹੀਣਤਾ ਨੂੰ, ਉਕਸਾਊ ਪਰਸਾਰ ਮਾਧਿਅਮ ਨੂੰ ਕੋਸ ਤਾਂ ਜ਼ਰੂਰ ਰਹੇ ਹਨ, ਐਪਰ ਇਸ ਮਾਰੂ ਯੁੱਗ ਦੇ ਘਾਤਕ ਵਾਰਾਂ ਤੋਂ ਬਚਣ ਦਾ ਹੀਲਾ ਕੋਈ ਵਿਰਲਾ, ਵੀਰ ਜਗਦੇਵ ਵਰਗਾ ਹੀ ਕਰ ਸਕਦਾ ਹੈ। ਇਸ ਸਾਹਸ ਭਰੇ ਹੀਲੇ ਨੂੰ ਹਾਂ-ਮੂਲਕ ਹੁੰਗਾਰਾ ਹੁਣ ਬਹੁਤੀ ਦੇਰ ਮੁਲਤਵੀ ਨਹੀਂ ਕੀਤਾ ਜਾ ਸਕਦਾ। ਸੋ ਆਓ, ਪ੍ਰਦੇਸਾਂ ਵਿਚ ਫੈਲੇ ਹੋਏ ਮੇਰੇ ਵੀਰੋ ਤੇ ਭੈਣੋ—ਆਖੋ, ਹਾਰਦਿਕ ਜੀ ਆਇਆਂ ਇਸ ਆਪਾ-ਵਾਰੂ ਪੁਸਤਕ-ਸਿਰਜਣਾ ਦੇ ਯਤਨ ਨੂੰ!

ਭਾਈ ਗੁਰਦਾਸ ਜੀ ਦਾ ਮਹਾਨ ਕਥਨ ਹੈ:

"ਜੈਸੇ ਸਤ ਮੰਦਰ
ਕੰਚਨ ਕੇ ਉਸਾਰ ਦੀਨੇ,
ਤੈਸਾ ਪੁੰਨ
ਸਿਖ ਕਉ
ਇਕ ਸਬਦ ਸਿਖਾਏ ਕਾ॥"

ਸ਼ਬਦ ਦਾ ਪਾਰਾਵਾਰ ਇਕ ਅੱਖਰ ਤੋਂ ਅਨੰਤ ਤਕ ਵਿਸਤ੍ਰਿਤ ਹੈ। ਸ਼ਬਦ ਦੀ ਮਹਿਮਾ ਹੈ ਕਿ ਸ਼ਬਦ ਦਾ ਜਾਦੂ ਅਕਹਿ ਪ੍ਰਭਾਵ ਬਾਲ-ਮਨ ਤੇ ਅਮਿੱਟ ਹੁੰਦਾ ਹੈ। ਇਹ ਕਥਾਵਾਂ, ਆਪਣੇ ਸਚਿੱਤਰ ਸਰੂਪ ਨਾਲ, ਇਕ 'ਸੱਚਾ ਤੇ ਸੁੱਚਾ' ਜੀਵਨ ਬਿਤਾ ਰਹੀ ਕਲਮ ਦਾ ਚਮਤਕਾਰ ਹੈ। ਮੁਬਾਰਕਾਂ!

ਇਹ ਇੱਕੀ ਕਥਾਵਾਂ ਦਾ ਢੋਆ ਆਸਟ੍ਰੇਲੀਆ ਦੇ ਪੂਰਬੀ ਤੱਟ ਤੋਂ ਲੈ ਕੇ ਅਮਰੀਕਾ ਦੇ ਪੱਛਮੀ ਤੱਟ ਤਕ ਫ਼ੈਲੇ ਹੋਏ, ਭਾਵ ਯਹੂਦੀ ਉਕਤੀ ਮੁਜਬ The Sikh Diaspora ਤਕ ਪੁੱਜਣਾ ਜ਼ਰੂਰੀ ਹੈ। ਪਾਠਕ ਜੀ! ਆਪ ਨੇ ਹੀ ਇਹ ਕਾਰਜ ਕਰਨਾ ਹੈ। ਪਾਠਕ ਹੀ ਲੇਖਕ ਦਾ ਸਹੀ ਇਸ਼ਟ ਹੁੰਦਾ ਹੈ। ਜਗਿਆਸੂ ਪਾਠਕ ਦਾ ਯੋਗਦਾਨ ਹੀ ਇਸ ਗੱਲ ਦੀ ਗਾਰੰਟੀ ਹੈ ਕਿ 21ਵੀਂ ਸਦੀ ਦਾ ਸਿੱਖ ਯੁਵਕ ਸਹੀ ਅਰਥਾਂ ਵਿਚ ਸੇਵਾ, ਸਿਮਰਨ ਅਤੇ ਗਿਆਨ ਦਾ ਲਖਾਇਕ ਹੋਵੇਗਾ। ਇਹ ਕਥਾ ਲੜੀ ਇਸ ਵਿਸ਼ਾਲ ਮਾਰਗ ਉੱਤੇ ਇਕ ਮੀਲ-ਪੱਥਰ ਹੈ ਕਿਉਂਕਿ ਗੁਰੂ ਪਾਤਸ਼ਾਹ ਦੇ ਇਕ ਸਪੂਤ ਨੇ ਗੁਰੂ ਇਤਿਹਾਸ ਨੂੰ ਮੂਰਤੀਮਾਨ ਕੀਤਾ ਹੈ। ਸ਼ਾਬਾਸ਼!

"ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥"

ਜਦੋਂ ਮੈਂ ਇਹ ਸ਼ਬਦ ਲਿਖ ਰਿਹਾ ਸੀ, ਮੇਰੇ ਸੁਰਗਵਾਸੀ ਪਰਮ ਮਿੱਤਰ ਡਾ: ਸੁਰਜੀਤ ਸਿੰਘ ਉੱਪਲ ਦੀ ਨਿੱਕੀ ਬੱਚੀ ਨੇ (ਉਮਰ 7 ਸਾਲ) ਇਕ ਮਹੱਤਵਪੂਰਨ ਗੱਲ ਵਲ ਧਿਆਨ ਦੁਆਇਆ। ਉਹ ਸਾਰੀਆਂ ਕਹਾਣੀਆਂ ਪੜ੍ਹ ਚੁੱਕੀ ਹੈ ਅਤੇ ਇਨ੍ਹਾਂ ਦੇ ਆਧਾਰ 'ਤੇ ਨਿੱਕੀਆਂ ਨਿੱਕੀਆਂ ਕਹਾਣੀਆਂ ਲਿਖ ਰਹੀ ਹੈ। ਉਹ ਆਖਦੀ ਹੈ, "ਈਸਾਈ ਮੱਤ ਬਾਰੇ ਸਵੇਰ ਤੋਂ ਸ਼ਾਮ ਤਕ, ਸਕੂਲ, ਘਰ ਅਤੇ ਮੀਡੀਆ, ਹਰ ਥਾਂ ਬਹੁਤ ਸ਼ੋਰ ਕੰਨੀਂ ਪੈਂਦਾ ਹੈ। ਮੇਰੇ ਸਿੱਖ ਭਾਪਾ ਜੀ ਨੇ ਸਿੱਖ ਗੁਰੂਆਂ ਦੀਆਂ ਅਤੇ ਸਿੱਖ ਹੀਰੋਆਂ ਦੀਆਂ ਕਹਾਣੀਆਂ ਸੁਣਾ ਕੇ ਮੈਨੂੰ ਉਤਸ਼ਾਹਤ ਕੀਤਾ। ਮੈਂ ਲਿਖਣ ਵਾਲਿਆਂ ਨੂੰ ਆਖਾਂਗੀ ਕਿ ਈਸਾਈ ਸਾਲ ਲਿਖਣ ਦੀ ਥਾਂ ਗੁਰੂ ਨਾਨਕ ਜੀ ਦਾ ਸਾਲ ਲਿਖਣ। ਗੁਰੂ ਜੀ ਤੋਂ ਪਹਿਲਾਂ B.N.=Before Nanak, ਗੁਰੂ ਜੀ ਤੋਂ ਪਿਛੋਂ A.N.=After Nanak."

ਅੰਤ ਵਿਚ ਮੈਂ ਇਸ ਤੀਜੀ ਕਿਤਾਬ ਲੜੀ ਨੂੰ ਹਾਰਦਿਕ ਜੀ ਆਇਆਂ ਆਖਦਾ ਹਾਂ। ਮੇਰੀ ਅਰਦਾਸ ਹੈ ਕਿ ਅਕਾਲ ਪੁਰਖ ਵੀਰ ਸੰਤੋਖ ਸਿੰਘ ਜਗਦੇਵ ਦੀ ਕਲਮ ਅਤੇ ਕਲਾਕਾਰੀ ਨੂੰ ਹੋਰ ਬਖਸ਼ਿਸ਼ਾਂ ਪ੍ਰਦਾਨ ਕਰੇ।

ਚ. ਸ. ਚੰਨ (ਡਾ.)
Dr. C. S. Chan
Language Department,
Handsworth College,
Soho Rd. Birmingham,
England.

Acknowledgement

Being the member of Sikh Missionary Resource Centre Birmingham, I got the chance to go through the curriculum of Sikhism to be taught in England. In that curriculum, under the headings, "Festivals, Vaisakhi and birthdays of Guru Nanak and Guru Gobind Singh were written. Whereas for Sikhs, celebration of Martyrdom days of Guru Arjan Dev and Guru Tegh Bahadur are of the same importance. I am highly thankful to Team-B who produced the curriculum about Sikhism and asked our suggestion.

Sikhs celebrate the martyrdom day of Guru Arjan Dev with the same fervour and enthusiasm as the birthday of Guru Nanak or Vaisakhi (birth-day of Khalsa). On that day Sikhs serve snacks and cold sweet drinks to the public on the roads all over India and even in those countries where the Sikh Community has migrated.

Generally people celebrate birthdays but Sikhs give more importance to Guru Arjan Dev's martyrdom day. Why it is so ? Twenty-one anecdotes of Bed Time Stories-3 give the fair idea about Guru Arjan Dev's life. From these one can fully understand, why Brahmins and Qazis were against him, why he was made to sit on hot plate and hot sand was poured on his head. Even after the severe torture, he remained firm in his belief and he gave his life, not faith.

I am thankful to Dr. Chan who has obliged me by writing the foreward of this book.

I am greatly thankful to K.P. Singh Brar who helped me in translating the manuscript.

I am highly obliged to Gurdwara Council B'HAM, Gurdwara Guru Ram Dass Singh Sabha and Dr. Joginder Singh J.P. for giving their views about the writing.

I am thankful to Artist Kashmira Singh for producing the illustrations and cover design. I am also thankful to Singh Brothers and its staff with whose cooperation this book is in your hands in this beautiful form.

S.S. Jagdev

160-Formans Rd., Spark Hill,
Birmingham B11 3BD,
Ph. 021-777-6371.

21-8-93

ਰੀਵੀਊ

ਅੱਜ ਦੇ ਪਰਮਾਣੂ ਯੁਗ ਵਿਚ ਬੱਚਿਆਂ ਨੂੰ ਅੰਧ-ਵਿਸ਼ਵਾਸੀ ਨਹੀਂ ਬਣਾਇਆ ਜਾ ਸਕਦਾ। ਜਿਸ ਸਿੱਖਿਆ ਦੀ ਉਨਾਂ ਨੂੰ ਸਮਝ ਨਹੀਂ ਪੈਂਦੀ, ਉਸ ਉੱਪਰ ਉਹ ਯਕੀਨ ਨਹੀਂ ਕਰਦੇ। ਉਸ ਸਿੱਖਿਆ ਨੂੰ ਉਹ ਅਪਣਾਉਂਦੇ ਨਹੀਂ। ਗੁਰੂ ਨਾਨਕ ਦੀ ਸਿੱਖਿਆ ਸਮੇਂ ਦੇ ਅਨੁਕੂਲ ਹੈ। ਇਸ ਨੂੰ ਵਿਗਿਆਨਕ ਪਖੋਂ ਗ਼ਲਤ ਨਹੀਂ ਕੀਤਾ ਜਾ ਸਕਦਾ। ਇਹ ਸਿੱਖਿਆ ਸਿਰਫ਼ ਪੰਜਾਬ ਦੇ ਲੋਕਾਂ ਜਾਂ ਸਿੱਖਾਂ ਲਈ ਹੀ ਨਹੀਂ ਸਗੋਂ ਸਾਰੀ ਦੁਨੀਆਂ ਦੇ ਲੋਕਾਂ ਲਈ ਲਾਭਦਾਇਕ ਹੈ, ਭਾਵੇਂ ਉਹ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਹੋਵੇ ਤੇ ਕਿਸੇ ਵੀ ਦੇਸ਼ ਦਾ ਵਸਨੀਕ ਹੋਵੇ।

ਪੱਛਮੀ ਦੇਸ਼ਾਂ, ਜਿਨ੍ਹਾਂ ਵਿੱਚ ਸਾਡੇ ਬੱਚੇ ਵੀ ਰਹਿ ਰਹੇ ਹਨ ਤਕ ਗੁਰੂ ਨਾਨਕ ਦੀ ਸਿੱਖਿਆ ਨੂੰ ਪਹੁੰਚਾਉਣ ਦੇ ਕਾਰਜ ਵਿਚ, ਸੰਤੋਖ ਸਿੰਘ ਜਗਦੇਵ ਦੀਆਂ ਦੋ-ਭਾਸ਼ੀ Bed Time Stories ਪੁਸਤਕਾਂ ਕਾਫ਼ੀ ਸਫ਼ਲ ਹੋ ਰਹੀਆਂ ਹਨ, ਕਿਉਂਕਿ ਇਨ੍ਹਾਂ ਵਿਚ ਜਗਦੇਵ ਜੀ ਨੇ ਗੁਰੂ ਸਾਹਿਬਾਨਾਂ ਦੇ ਜੀਵਨ ਵਿਚ ਵਾਪਰੀਆਂ ਘਟਨਾਵਾਂ ਨੂੰ ਬੜੀ ਸੌਖੀ ਪੰਜਾਬੀ ਅਤੇ ਅੰਗ੍ਰੇਜ਼ੀ ਵਿਚ ਦੱਸਣ ਦੀ ਕੋਸ਼ਿਸ਼ ਕੀਤੀ ਹੈ ਤੇ ਸਾਖੀ ਨਾਲ ਚਿੱਤਰ ਦੇ ਕੇ ਬੜੇ ਸੁਚੱਜੇ ਢੰਗ ਨਾਲ ਵਿਸ਼ਾ ਸਮਝਾਉਣ ਦੀ ਮਿਹਨਤ ਕੀਤੀ ਹੈ।

Bed Time Stories-1 ਅਤੇ 2 ਛਪਣ ਪਿਛੋਂ ਪੜ੍ਹਨ ਲਈ ਮਿਲੀਆਂ। ਬੱਚਿਆਂ ਨੇ ਉਨ੍ਹਾਂ ਨੂੰ ਬਹੁਤ ਪਸੰਦ ਕੀਤਾ। ਬੱਚਿਆਂ ਦੇ ਮਾਤਾ ਪਿਤਾ ਕਈ ਵਾਰੀ ਜ਼ਿਕਰ ਕਰਦੇ ਹਨ ਕਿ ਸਾਡਾ ਲੜਕਾ ਜਾਂ ਲੜਕੀ ਜਦੋਂ ਤਕ ਸਾਖੀ, ਰਾਤ ਨੂੰ ਸੌਣ ਤੋਂ ਪਹਿਲਾਂ ਸੁਣ ਨਾ ਲਵੇ ਜਾਂ ਪੜ੍ਹ ਨਾ ਲਵੇ, ਸੌਂਦਾ ਨਹੀਂ। Bed Time Stories-3 ਅਤੇ 4 ਦੇ ਖਰੜੇ ਪੜ੍ਹਨ ਨੂੰ ਮਿਲੇ। ਪੂਰੀ ਆਸ ਹੈ ਕਿ ਬੱਚੇ ਇਨ੍ਹਾਂ ਨੂੰ ਵੀ ਉਸ ਤਰ੍ਹਾਂ ਹੀ ਪਸੰਦ ਕਰਨਗੇ ਕਿਉਂਕਿ ਇਨ੍ਹਾਂ ਵਿਚ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ਼ ਬਹਾਦਰ ਜੀ ਦੀਆਂ ਸਾਖੀਆਂ ਹਨ, ਜਿਨ੍ਹਾਂ ਨੇ ਆਪਣੇ ਆਪ ਨੂੰ ਵਾਰ ਕੇ ਜੀਵਨ ਦਾ ਢੰਗ ਦਸਿਆ ਤੇ ਧਰਮ ਦੇ ਰਾਖੇ ਬਣੇ।

ਕਾਉਂਸਲ ਆਫ਼ ਸਿੱਖ ਗੁਰਦਵਾਰਾਜ਼ ਇਨ ਬਰਮਿੰਘਮ, ਲੇਖਕ ਸੰਤੋਖ ਸਿੰਘ ਜਗਦੇਵ ਦੀ ਬਹੁਤ ਧੰਨਵਾਦੀ ਹੈ ਜਿਨ੍ਹਾਂ ਨੇ ਗੁਰੂ ਸਾਹਿਬਾਨ ਦੀਆਂ ਸਾਖੀਆਂ ਦੋ ਭਾਸ਼ਾਵਾਂ ਵਿਚ ਬੱਚਿਆਂ ਤਕ ਪਹੁੰਚਾਉਣ ਦਾ ਮਨ ਬਣਾਇਆ ਹੋਇਆ ਹੈ। ਪਰਮਾਤਮਾ ਪਾਸ ਅਰਦਾਸ ਕਰਦੇ ਹਾਂ ਕਿ ਉਨ੍ਹਾਂ ਨੂੰ ਆਪਣੇ ਨਿਸ਼ਾਨੇ ਵਿਚ ਸਫ਼ਲਤਾ ਬਖ਼ਸ਼ਣ ਤੇ ਬਾਕੀ ਗੁਰੂ ਸਾਹਿਬਾਨ ਦੀਆਂ ਸਾਖੀਆਂ ਜਲਦੀ ਛਪਵਾ ਕੇ ਬੱਚਿਆਂ ਨੂੰ ਗੁਰੂ ਸਾਹਿਬਾਨ ਦੀ ਸਿੱਖਿਆ ਤੋਂ ਜਾਣੂੰ ਕਰਵਾਉਣ।

23-6-1993

ਪਿਆਰਾ ਸਿੰਘ ਝੀਤਾ

ਚੇਅਰਮੈਨ

ਕਾਉਂਸਲ ਆਫ਼ ਸਿੱਖ ਗੁਰਦਵਾਰਾਜ਼ ਇਨ ਬਰਮਿੰਘਮ

Review

In this atomic age, children cannot be led blindly to follow what they do not comprehend. They do not adopt in life, the teachings, they do not understand. The teachings of Guru Nanak is in tune with the present and can stand the tests of science. This is not meant only for the people of Punjab or the Sikhs alone but is beneficial for all the people of the world irrespective of their religious belief or the country they belong to.

Bed Time Stories written by Santokh Singh Jagdev in two languages have been quite successful in conveying the message of Guru Nanak to the Western World which includes our children also, because in these books Mr. Jagdev has tried to narrate in easy Panjabi and English the happenings from the lives of the Sikh Gurus. By giving sketches alongwith the stories he has endeavoured to explain the subject in a nice way.

Bed Time Stories-1 and 2 were immensely liked by the children. Parents often mention that their children do not go to sleep unless they have read a story or have got someone to read it for them. It has been a pleasure to have gone through the manuscripts of Bed Time Stories-3 and 4. It is hoped that the children will also like them because these contain the happenings in the lives of Guru Arjan Dev and Guru Tegh Bahadur who showed the true path of the life by sacrificing themselves and became the defenders of freedom in faith.

The Council of Sikh Gurdwaras in Birmingham is highly obliged to the writer Santokh Singh Jagdev who has made his mind to convey to the children the happenings from the lives of the great Gurus in two languages. We pray to God to grant him success in his mission to make the children aware of the teachings of the Gurus by publishing the incidents from the lives of other Gurus also.

Piara Singh Jheeta

23-6-93

Chairman.
The Council of Sikh Gurdwaras
in Birmingham

An Appreciation

Sardar Jagdev Ji,

I have read the manuscripts of "Bed Time Stories-3 and 4", which describe the lives of Guru Arjan Dev Ji and Guru Tegh Bahadur Ji.

You have not only worked hard but also have done a lot of research to produce the stories in English as well as in Punjabi with wonderful illustrations under one cover.

As English culture is different from Punjabi culture, so are the English and Punjabi languages. Without the actual sense of the words used by the Sikh Gurus, one cannot understand Sikh Philosophy.

"Bed Time Stories" series is not only useful but that also in an accurate attempt in fulfilling that gap.

It is also pertinent to mention here that the "Bed Time Stories-1 and 2" published previously have been a great success and been most welcomed by all the communities.

We highly recommend these books to those who want to learn or teach "Sikhism and Sikh Philosophy".

Ram Singh

General Secretary,

Gurdwara Guru Ramdas Singh Sabha,

Birmingham, England.

ਬਚਪਨ ਅਤੇ ਵਿਦਿਆ


ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ, 1563 ਈ. ਨੂੰ ਪਿੰਡ ਗੋਇੰਦਵਾਲ, ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਉਨ੍ਹਾਂ ਦੀ ਮਾਤਾ, ਬੀਬੀ ਭਾਨੀ, ਗੁਰੂ ਅਮਰਦਾਸ ਜੀ ਦੀ ਛੋਟੀ ਸਪੁੱਤਰੀ ਸੀ ਅਤੇ ਪਿਤਾ ਗੁਰੂ ਰਾਮਦਾਸ ਜੀ ਸਨ, ਜਿਨ੍ਹਾਂ ਸ਼ਾਦੀ ਹੋਣ ਪਿਛੋਂ ਗੁਰੂ ਘਰ ਦੀ ਸੇਵਾ ਸੰਭਾਲੀ। (ਗੁਰੂ) ਅਰਜਨ ਦੇਵ ਜੀ ਵੀ ਉਨ੍ਹਾਂ ਨਾਲ ਗੁਰੂ ਘਰ ਵਿਚ ਖੇਡਦੇ ਰਹਿੰਦੇ। ਇਸ ਤਰ੍ਹਾਂ ਉਨ੍ਹਾਂ ਨੂੰ ਆਪਣੇ ਨਾਨੇ ਪਾਸੋਂ ਲਾਡ-ਪਿਆਰ ਮਿਲਣ ਦੇ ਨਾਲ ਨਾਲ ਉਨ੍ਹਾਂ ਉੱਪਰ ਬਾਣੀ ਦਾ ਅਸਰ ਵੀ ਹੁੰਦਾ ਰਿਹਾ।

ਇਕ ਵਾਰੀ (ਗੁਰੂ) ਅਰਜਨ ਦੇਵ ਜੀ ਖੇਡ ਰਹੇ ਸਨ। ਉਹ ਰਿੜ੍ਹਦੇ ਰਿੜ੍ਹਦੇ ਗੁਰੂ ਅਮਰਦਾਸ ਜੀ ਦੇ ਪਲੰਘ ਪਾਸ ਪਹੁੰਚ ਗਏ ਅਤੇ ਪਲੰਘ ਨੂੰ ਫੜ ਕੇ ਉੱਪਰ ਚੜ੍ਹਨ ਦੀ ਕੋਸ਼ਿਸ਼ ਕਰਨ ਲਗੇ। ਗੁਰੂ ਅਮਰਦਾਸ ਜੀ ਨੇ ਬਚਨ ਕੀਤਾ, "ਤੂੰ ਇਹ ਗੁਰ-ਗੱਦੀ ਲੈਣਾ ਚਾਹੁੰਦਾ ਹੈਂ ਪਰ ਇਹ ਤੈਨੂੰ ਆਪਣੇ ਪਿਤਾ ਪਾਸੋਂ ਮਿਲੇਗੀ। ਤਦੋਂ ਤੱਕ ਤੈਨੂੰ ਉਡੀਕ ਕਰਨੀ ਪਵੇਗੀ।" ਇਸ ਘਟਨਾ ਪਿਛੋਂ ਬੀਬੀ ਭਾਨੀ ਜੀ (ਗੁਰੂ) ਅਰਜਨ ਦੇਵ ਜੀ ਦਾ ਬਹੁਤ ਧਿਆਨ ਰਖਦੇ ਤਾਂ ਜੋ ਪਿਤਾ ਦੀ ਭਗਤੀ ਵਿਚ ਵਿਘਨ ਨਾ ਪਵੇ ਅਤੇ ਸੰਗਤਾਂ ਨੂੰ ਬਚਨ ਕਰਦੇ ਸਮੇਂ ਕੋਈ ਰੁਕਾਵਟ ਨਾ ਆਵੇ।

ਬੀਬੀ ਭਾਨੀ ਦੇ ਇਸ ਤਰ੍ਹਾਂ ਧਿਆਨ ਰਖਦੇ ਹੋਏ ਵੀ ਇਕ ਦਿਨ (ਗੁਰੂ) ਅਰਜਨ ਦੇਵ ਜੀ ਆਪਣੀ ਗੇਂਦ ਲੱਭਦੇ ਲੱਭਦੇ ਗੁਰੂ ਅਮਰਦਾਸ ਜੀ ਦੇ ਕਮਰੇ ਵਿਚ ਚਲੇ ਗਏ। ਉਸ ਸਮੇਂ ਉਹ ਪਲੰਘ ਉੱਪਰ ਆਰਾਮ ਕਰ ਰਹੇ ਸਨ। (ਗੁਰੂ) ਅਰਜਨ ਦੇਵ ਜੀ ਦਾ ਧਿਆਨ ਆਪਣੀ ਗੇਂਦ ਲੱਭਣ ਵੱਲ ਸੀ। ਉਨ੍ਹਾਂ ਨੂੰ ਆਪਣੇ ਨਾਨੇ ਦੇ ਆਰਾਮ ਕਰਨ ਦਾ ਖ਼ਿਆਲ ਵਿੱਸਰ ਗਿਆ। ਉਹ ਆਪਣੀ ਗੇਂਦ ਕੱਢਣ ਲਈ ਪਲੰਘ ਦੇ ਥੱਲੇ ਵੜ ਗਏ। (ਗੁਰੂ) ਅਰਜਨ ਦੇਵ ਜੀ ਭਾਵੇਂ 4-5 ਸਾਲਾਂ ਦੇ ਸਨ ਪਰ ਕੱਦ-ਕਾਠ ਵਿਚ ਆਪਣੀ ਉਮਰ ਦੇ ਬੱਚਿਆਂ ਨਾਲੋਂ ਵੱਡੇ ਲਗਦੇ ਸਨ। ਉਨ੍ਹਾਂ ਦੇ ਪਲੰਘ ਥੱਲੇ ਜਾਣ ਨਾਲ ਇਕ ਪਾਸੇ ਤੋਂ ਪਲੰਘ ਚੁੱਕਿਆ ਗਿਆ, ਜਿਸ ਨਾਲ ਗੁਰੂ ਅਮਰਦਾਸ ਜੀ ਦੀ ਨੀਂਦ ਖੁੱਲ੍ਹ ਗਈ ਅਤੇ ਉਨ੍ਹਾਂ ਸਹਿਜ ਸੁਭਾਅ ਕਿਹਾ, "ਇਹ ਕਿਹੜਾ ਵੱਡਾ ਪੁਰਖ ਹੈ ਭਾਰੀ, ਜਿਸ ਮੰਜੀ ਹਿਲਾਈ ਸਾਡੀ ਸਾਰੀ ?" ਬੀਬੀ ਭਾਨੀ ਜੀ ਦੇ ਕੰਨੀਂ ਇਹ ਬਚਨ ਪਏ ਤਾਂ ਉਹ ਭੱਜੇ-ਭੱਜੇ ਪਿਤਾ ਜੀ ਦੇ ਕਮਰੇ ਵਿਚ ਪੁੱਜੇ ਅਤੇ ਕਿਹਾ, "ਇਹ ਆਪ ਦਾ ਦੋਹਿਤਾ ਹੈ।" ਗੁਰੂ ਜੀ ਨੇ ਦੂਜਾ ਬਚਨ ਕੀਤਾ, "ਦੋਹਿਤਾ ਬਾਣੀ ਕਾ ਬੋਹਿਥਾ" ਭਾਵ ਬਾਣੀ ਦਾ ਵੱਡਾ ਜਹਾਜ਼ ਹੋਵੇਗਾ।

ਉਸ ਦਿਨ ਤੋਂ ਪਿੱਛੋਂ ਗੁਰੂ ਅਮਰਦਾਸ ਜੀ ਨੇ (ਗੁਰੂ) ਅਰਜਨ ਦੇਵ ਜੀ ਦੀ ਵਿਦਿਆ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਗੁਰਮੁਖੀ ਉਨ੍ਹਾਂ ਆਪ ਪੜ੍ਹਾਈ ਅਤੇ ਮਾਮਾ ਮੋਹਰੀ ਨੇ ਗਣਿਤ ਵਿਦਿਆ ਦਿੱਤੀ। ਦੇਵਨਾਗਰੀ ਉਨ੍ਹਾਂ ਪਿੰਡ ਦੇ ਪਾਂਧੇ ਪਾਸੋਂ ਸਿੱਖੀ। ਫ਼ਾਰਸੀ ਪਿੰਡ ਦੇ ਮੌਲਵੀ ਪਾਸੋਂ ਪੜ੍ਹੀ। ਸੰਸਕ੍ਰਿਤ ਦਾ ਗਿਆਨ ਪਿੰਡ ਦੇ ਪੰਡਿਤ ਬੇਨੀ ਪਾਸੋਂ ਪ੍ਰਾਪਤ ਕੀਤਾ। ਰਾਗ ਵਿਦਿਆ ਦੇ ਉਹ ਵੱਡੇ ਪਾਰਖੂ ਬਣੇ, ਜਿਨ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਰਾਗਾਂ ਵਿਚ ਵੰਡਿਆ ਅਤੇ ਆਪ ਰਾਗਾਂ ਵਿਚ ਬਾਣੀ ਰਚੀ। ਘੋੜ-ਸਵਾਰੀ ਅਤੇ ਤੀਰ-ਅੰਦਾਜ਼ੀ ਉਨ੍ਹਾਂ ਦੀ ਕਮਾਲ ਦੀ ਸੀ। ਗਿਆਰਾਂ ਸਾਲਾਂ ਦੀ ਉਮਰ ਵਿਚ ਆਪਣੀ ਸ਼ਾਦੀ ਸਮੇਂ, ਉਨ੍ਹਾਂ ਜੰਡ ਦੀਆਂ ਜੜ੍ਹਾਂ ਨੂੰ ਪੁੱਟ ਕੇ, ਮਖ਼ੌਲ ਵਜੋਂ ਬਣਾਈ ਕਿੱਲੀ ਨੇਜ਼ੇ ਨਾਲ ਜੜ੍ਹਾਂ ਸਮੇਤ ਉਖਾੜ ਦਿੱਤੀ ਸੀ।

ਬਚਪਨ ਅਤੇ ਵਿਦਿਆ



Childhood and Education


Childhood and Education

Guru Arjan Dev was born on 15th April, 1563 A.D. at village Goindwal, district Amritsar. His mother revered, Bibi Bhani was the younger daughter of Guru Amar Dass and his father was Guru Ram Dass. They had taken up the service of the Guru's institution after marriage. (Guru) Arjan Dev accompanied them playing, to the Guru's institution. In this way, besides getting love and care from his grandfather, he also gained from the recitals of the sacred hymns.

One day (Guru) Arjan Dev was playing. He crawled to the bed of Guru Amar Dass. Catching hold of the bedpost, he tried to climb on to the bed. Guru Amar Dass said, "You want to attain the leadership of the Sikhs but this will be bestowed upon you by your father. Till then, you will have to wait." After this happening mother Bhani took greater care of (Guru) Arjan Dev so that he might not disturb her father in his meditation or his discourses with his devotees.

Despite the care taken by mother Bhani, one day (Guru) Arjan Dev, searching for his ball, went in the room of Guru Amar Dass. At that time Guru Amar Dass was resting on his bed. (Guru) Arjan Dev engrossed in his search of the ball, forgot that he was disturbing his grandfather during his rest. He crawled under the bed to get the ball. Although (Guru) Arjan Dev was only four to five years old yet he looked bigger than other children of his age in height and better in health. When he went underneath the bed, it was lifted from one side and Guru Amar Dass was disturbed from his rest. He said spontaneously, "Who be this great man who has shaken whole of my bed ?" On hearing these words, mother Bhani ran to her father's room and said, "This is your grandson, dear father." Guru Amar Dass again said, "Grandson will be a great ship to carry the Word of God."

After this happening Guru Amar Dass started paying more attention to (Guru) Arjan Dev's education. The Guru taught him Gurmukhi himself. His uncle Mohri imparted the knowledge of Arithmetic and Dev Nagri was taught by the village priest. The village Maulvi, a Muslim priest, taught him Persian and he gained the knowledge of Sanskrit from Pandit Beni of the village. He came to be a great evaluater of music who classified the hymns of Guru Granth Sahib according to Rags, musical modes and composed hymns in accordance with Rags. He was an excellent horseman and archer. At the time of his marriage, when he was just eleven, he had uprooted a wooden peg with his spear which was shaped out of the root of a tree for playing a joke with him.


ਹੁਕਮ ਦੀ ਪਾਲਣਾ
Observance of Order

ਹੁਕਮ ਦੀ ਪਾਲਣਾ

ਇਕ ਦਿਨ ਗੁਰੂ ਰਾਮਦਾਸ ਜੀ ਨੂੰ ਉਨ੍ਹਾਂ ਦੇ ਤਾਏ ਦੇ ਲੜਕੇ ਸਿਹਾਰੀ ਮੱਲ ਜੀ,ਲਾਹੌਰ ਤੋਂ ਆਪਣੇ ਪੁੱਤਰ ਦੀ ਸ਼ਾਦੀ ਵਿਚ ਸ਼ਾਮਲ ਹੋਣ ਲਈ ਸੱਦਾ ਦੇਣ ਆਏ। ਗੁਰੂ ਰਾਮਦਾਸ ਜੀ ਉਨ੍ਹਾਂ ਦਿਨਾਂ ਵਿਚ ਅੰਮ੍ਰਿਤਸਰ ਦੀ ਉਸਾਰੀ ਵਿਚ ਰੁੱਝੇ ਹੋਏ ਸਨ। ਉਨ੍ਹਾਂ ਕਿਸੇ ਪੁੱਤਰ ਨੂੰ ਸ਼ਾਦੀ ਉੱਪਰ ਭੇਜਣਾ ਠੀਕ ਸਮਝਿਆ। ਇਸ ਲਈ ਉਨ੍ਹਾਂ ਪਹਿਲਾਂ ਵੱਡੇ ਪੁੱਤਰ, ਪ੍ਰਿਥੀ ਚੰਦ ਨੂੰ ਸ਼ਾਦੀ ਉੱਪਰ ਲਾਹੌਰ ਜਾਣ ਲਈ ਪੁੱਛਿਆ। ਪ੍ਰਿਥੀ ਚੰਦ ਨੂੰ ਪਤਾ ਸੀ ਕਿ ਗੁਰੂ ਅਮਰਦਾਸ ਜੀ ਦੇ ਬਚਨਾਂ ਅਨੁਸਾਰ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਦਾ ਸਮਾਂ ਬਹੁਤ ਥੋੜ੍ਹਾ ਰਹਿੰਦਾ ਸੀ। ਉਸ ਨੂੰ ਡਰ ਸੀ ਕਿ ਉਸ ਦੇ ਲਾਹੌਰ ਜਾਣ ਪਿਛੋਂ ਜੇ ਗੁਰੂ ਜੀ ਜੋਤੀ ਜੋਤ ਸਮਾ ਜਾਣ ਤਾਂ ਉਹ ਗੁਰ-ਗੱਦੀ ਤੋਂ ਵਾਂਝਾ ਰਹਿ ਜਾਵੇਗਾ। ਉਸ ਨੇ ਉੱਤਰ ਦਿੱਤਾ, "ਪਿਤਾ ਜੀ, ਤੁਸੀਂ ਜਾਣਦੇ ਹੋ ਕਿ ਮੈਂ ਸੰਗਤਾਂ ਪਾਸੋਂ ਲੈਣ ਦੇਣ ਦਾ ਕੰਮ ਕਰਦਾ ਹਾਂ। ਮੇਰੇ ਜਾਣ ਨਾਲ ਇਹ ਕੰਮ ਕਰਨਾ ਮੁਸ਼ਕਲ ਹੋ ਜਾਵੇਗਾ।"

ਪ੍ਰਿਥੀ ਚੰਦ ਦਾ ਨਾਂਹ ਵਿਚ ਉੱਤਰ ਸੁਣ ਕੇ ਗੁਰੂ ਰਾਮਦਾਸ ਜੀ ਨੇ ਦੂਜੇ ਪੁੱਤਰ ਬਾਬਾ ਮਹਾਂ ਦੇਵ ਜੀ ਨੂੰ ਸ਼ਾਦੀ ਉੱਪਰ ਜਾਣ ਲਈ ਪੁੱਛਿਆ। ਉਸ ਸੰਤ ਸੁਭਾ ਨੇ ਉੱਤਰ ਦਿੱਤਾ, "ਪਿਤਾ ਜੀ, ਮੈਨੂੰ ਦੁਨੀਆਂ ਦੇ ਰਸਮਾਂ-ਰਿਵਾਜਾਂ ਨਾਲ ਕੋਈ ਵਾਸਤਾ ਨਹੀਂ। ਮੈਂ ਸ਼ਾਦੀ ਉੱਪਰ ਜਾ ਕੇ ਕੀ ਲੈਣਾ ਹੈ ?" ਦੋਵੇਂ ਵੱਡੇ ਪੁੱਤਰਾਂ ਪਾਸੋਂ ਨਾਂਹ ਵਿਚ ਉੱਤਰ ਮਿਲਣ ਉਪਰੰਤ ਗੁਰੂ ਰਾਮਦਾਸ ਜੀ ਨੇ (ਗੁਰੂ) ਅਰਜਨ ਦੇਵ ਜੀ ਨੂੰ ਜਾਣ ਲਈ ਪੁੱਛਿਆ। ਉਹ ਕਿਸੇ ਹੀਲ-ਹੁੱਜਤ ਤੋਂ ਬਿਨਾਂ,ਲਾਹੌਰ ਸ਼ਾਦੀ ਉੱਪਰ ਜਾਣ ਲਈ ਤਿਆਰ ਹੋ ਗਏ। (ਗੁਰੂ) ਅਰਜਨ ਦੇਵ ਜੀ ਦੇ ਲਾਹੌਰ ਨੂੰ ਚੱਲਣ ਤੋਂ ਪਹਿਲਾਂ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਨੂੰ ਹੁਕਮ ਕਰ ਦਿੱਤਾ, "ਤੁਸੀਂ ਲਾਹੌਰ ਰਹਿਣਾ ਜਦੋਂ ਤੱਕ ਅਸੀਂ ਤੁਸਾਂ ਨੂੰ ਨਹੀਂ ਬੁਲਾਉਂਦੇ।"

(ਗੁਰੂ) ਅਰਜਨ ਦੇਵ ਜੀ ਪਿਤਾ ਦਾ ਹੁਕਮ ਮੰਨ ਕੇ ਲਾਹੌਰ ਚਲੇ ਗਏ। ਸ਼ਾਦੀ ਤੋਂ ਵਿਹਲੇ ਹੋ ਕੇ ਉਨ੍ਹਾਂ ਹਰ ਰੋਜ਼ ਸੰਗਤ ਲਈ ਦੀਵਾਨ ਲਗਾਉਣਾ ਸ਼ੁਰੂ ਕਰ ਦਿੱਤਾ। ਸਮਾਂ ਮਿਲਣ ਉੱਪਰ ਉਹ ਲਾਹੌਰ ਵਿਚ ਰਹਿੰਦੇ ਪੀਰਾਂ ਅਤੇ ਫ਼ਕੀਰਾਂ ਨੂੰ ਮਿਲਦੇ ਅਤੇ ਉਨ੍ਹਾਂ ਦੇ ਨਾਲ ਵਿਚਾਰ ਸਾਂਝੇ ਕਰਦੇ। ਇਥੇ ਉਨ੍ਹਾਂ ਦਾ ਮੇਲ ਸਾਈਂ ਮੀਆਂ ਮੀਰ, ਸ਼ਾਹ ਹੁਸੈਨ, ਛੱਜੂ, ਮੁਲਾਂ ਸ਼ਾਹ ਬਦਖਸ਼ਾਨੀ, ਮੁਖੀ ਸ਼ਾਹ, ਬਿਲਾਵਲ, ਕਾਨ੍ਹਾ ਅਤੇ ਪੀਲੂ ਨਾਲ ਹੋਇਆ। ਕਈ ਮਹੀਨੇ ਗੁਰੂ ਰਾਮਦਾਸ ਜੀ ਦੇ ਸੱਦੇ ਦੀ ਉਡੀਕ ਪਿਛੋਂ, (ਗੁਰੂ) ਅਰਜਨ ਦੇਵ ਜੀ ਨੇ ਗੁਰੂ ਜੀ ਦੇ ਦਰਸ਼ਨਾਂ ਲਈ ਪੱਤਰ ਲਿਖਿਆ ਜਿਹੜਾ ਪ੍ਰਿਥੀ ਚੰਦ ਦੇ ਹੱਥ ਲੱਗ ਗਿਆ। ਉੱਤਰ ਨਾ ਮਿਲਣ ਉਪਰੰਤ ਉਨ੍ਹਾਂ ਦੂਜਾ ਪੱਤਰ ਲਿਖਿਆ, ਉਹ ਵੀ ਪ੍ਰਿਥੀ ਚੰਦ ਨੇ ਆਉਣ ਵਾਲੇ ਸਿੱਖ ਪਾਸੋਂ ਫੜ ਕੇ ਆਪਣੀ ਜੇਬ ਵਿਚ ਪਾ ਲਿਆ। ਉੱਤਰ ਦੀ ਉਡੀਕ ਪਿੱਛੋਂ (ਗੁਰੂ) ਅਰਜਨ ਦੇਵ ਜੀ ਨੇ ਤੀਜਾ ਪੱਤਰ ਲਿਖ ਕੇ ਇਕ ਸਿੱਖ ਨੂੰ ਦਿੱਤਾ ਅਤੇ ਕਿਹਾ, "ਇਹ ਪੱਤਰ ਸਿਰਫ਼ ਗੁਰੂ ਰਾਮਦਾਸ ਜੀ ਨੂੰ ਦੇਣਾ।" ਤੀਸਰਾ ਪੱਤਰ ਮਿਲਣ ਉੱਪਰ ਗੁਰੂ ਰਾਮਦਾਸ ਜੀ ਨੇ ਪ੍ਰਿਥੀ ਚੰਦ ਨੂੰ ਪਹਿਲੇ ਦੋ ਪੱਤਰਾਂ ਬਾਰੇ ਪੁੱਛਿਆ ਤਾਂ ਉਹ ਮੁੱਕਰ ਗਿਆ। ਪ੍ਰਿਥੀ ਚੰਦ ਦੇ ਘਰ ਦੀ ਤਲਾਸ਼ੀ ਲੈਣ ਉੱਪਰ, ਦੋਵੇਂ ਪੱਤਰ ਉਸ ਦੀ ਕਮੀਜ਼ ਵਿਚੋਂ ਮਿਲ ਗਏ।

ਇਸ ਘਟਨਾ ਤੋਂ ਪਿੱਛੋਂ ਗੁਰੂ ਰਾਮਦਾਸ ਜੀ ਨੇ (ਗੁਰੂ) ਅਰਜਨ ਦੇਵ ਜੀ ਨੂੰ ਲਾਹੌਰ ਤੋਂ ਬੁਲਾ ਕੇ 28 ਅਗਸਤ, 1581 ਈ: ਨੂੰ ਗੁਰ-ਗੱਦੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਚਾਰ ਦਿਨਾਂ ਪਿਛੋਂ, 1 ਸਤੰਬਰ, 1581 ਈ: ਨੂੰ ਗੁਰੂ ਰਾਮਦਾਸ ਜੀ ਜੋਤੀ ਜੋਤ ਸਮਾ ਗਏ।

Observance of Order

One day Sihari Mall, a cousin of Guru Ram Dass came from Lahore to invite him to participate in the marriage ceremony of his son. At that time he was busy in the construction of Amritsar. He thought it proper to send one of his sons to attend the ceremony. So, he asked his eldest son Prithi Chand to go to the marriage. Prithi Chand knew that, as foretold by Guru Amar Dass, the time for Guru Ram Dass to merge into the Supreme Being was drawing near. He was afraid that he might be deprived of the succession to the leadership of the Sikhs if he was away at Lahore at that time. So he replied, "Dear father, you know that I look after the dealings with the devotees. This supervision will become difficult if I go."

Getting a negative reply from Prithi Chand, Guru Ram Dass asked his second son Mahan Dev. That son, who had saintly nature, replied, "Reverend father ! I have nothing to do with the customs and rituals of this world. What would I gain by attending the marriage ?" On hearing the refusal of the elder sons, Guru Ram Dass inquired of (Guru) Arjan Dev if he would go to Lahore. Without any hesitation, he agreed to go to Lahore. Guru Ram Dass instructed (Guru) Arjan Dev before his departure for Lahore, "Remain at Lahore until I call you."

(Guru) Arjan Dev proceeded to Lahore as ordered by his father. When he was free after the marriage ceremony, he started to hold daily congregation for the public. When he had spare time, he would meet holy men living at Lahore and exchange views with them. He met Saint Mian Mir, Shah Hussain, Chhajju, Mullan Shah Badakhshani, Mukhi Shah, Bilawal, Kanha and Piloo at Lahore. Having waited for several months for a call from Guru Ram Dass, (Guru) Arjan Dev wrote a letter for audience which fell in the hands of Prithi Chand. Not getting a reply, he wrote a second letter which was also intercepted by Prithi Chand. After writing a third letter and handing it over to a Sikh, he told him to hand it over only to Guru Ram Dass. When Guru Ram Dass got the third letter, he asked Prithi Chand about the previous two letters. He denied having got them. On searching Prithi Chand's house, the letters were recovered from his shirt.

After this, Guru Ram Dass sent Sikhs to Lahore and called (Guru) Arjan Dev back. When he reached Amritsar, he was entrusted with the leadership of the Sikhs on the 28th of August, 1581 A.D. After four days, on the 1st of September, 1581 A.D., Guru Ram Dass merged into the Supreme Being.

ਸੱਤਾ ਅਤੇ ਬਲਵੰਡ

ਸੱਤਾ ਅਤੇ ਬਲਵੰਡ, ਪਿਉ ਪੁੱਤਰ, ਗੁਰੂ ਘਰ ਦੇ ਕੀਰਤਨੀਏ ਸਨ। ਇਕ ਵਾਰੀ ਸੱਤੇ ਨੇ ਗੁਰੂ ਅਰਜਨ ਦੇਵ ਜੀ ਪਾਸ ਬੇਨਤੀ ਕੀਤੀ, "ਮੇਰੀ ਲੜਕੀ ਦੀ ਸ਼ਾਦੀ ਹੈ, ਇਸ ਲਈ ਤੁਸੀਂ ਮੇਰੀ ਕੁਝ ਮਦਦ ਕਰੋ।" ਗੁਰੂ ਜੀ ਨੇ ਕਿਹਾ, "ਅੱਜ ਦੇ ਕੀਰਤਨ ਦਾ ਜੋ ਚੜ੍ਹਾਵਾ ਆਵੇਗਾ ਉਹ ਸਾਰਾ ਤੁਸਾਂ ਨੂੰ ਦੇ ਦਿੱਤਾ ਜਾਵੇਗਾ।" ਕੀਰਤਨ ਦੀ ਸਮਾਪਤੀ ਪਿੱਛੋਂ ਜਿਹੜਾ ਚੜ੍ਹਾਵਾ ਆਇਆ, ਸਾਰਾ ਉਨ੍ਹਾਂ ਨੂੰ ਦੇ ਦਿੱਤਾ ਗਿਆ। ਉਹ ਸਾਰੀ ਮਾਇਆ ਲੈ ਕੇ ਵੀ ਖ਼ੁਸ਼ ਨਾ ਹੋਏ ਕਿਉਂਕਿ ਉਸ ਦਿਨ ਚੜ੍ਹਾਵਾ ਆਮ ਦਿਨਾਂ ਨਾਲੋਂ ਘੱਟ ਸੀ।

ਪ੍ਰਿਥੀ ਚੰਦ ਨੂੰ ਜਦੋਂ ਇਸ ਘਟਨਾ ਦਾ ਪਤਾ ਲੱਗਾ ਤਾਂ ਉਸ ਨੇ ਸੱਤੇ ਅਤੇ ਬਲਵੰਡ ਨੂੰ ਬੁਲਾ ਕੇ ਕਿਹਾ, "ਤੁਸੀਂ ਭੋਲੇ ਹੋ। ਗੁਰੂ ਅਰਜਨ ਦੇਵ ਨੇ ਸੰਗਤ ਨੂੰ ਚੜ੍ਹਾਵਾ ਦੇਣ ਤੋਂ ਰੋਕ ਦਿੱਤਾ ਸੀ ਕਿਉਂਕਿ ਉਸ ਦਿਨ ਦਾ ਸਾਰਾ ਚੜ੍ਹਾਵਾ ਤੁਸਾਂ ਨੂੰ ਦੇਣਾ ਕੀਤਾ ਸੀ। ਤੁਸੀਂ ਜਾਣਦੇ ਹੋ ਕਿ ਸਾਰੀ ਸੰਗਤ ਤੁਸਾਂ ਦਾ ਕੀਰਤਨ ਸੁਣਨ ਆਉਂਦੀ ਹੈ। ਜੇ ਤੁਸੀਂ ਕੀਰਤਨ ਕਰਨਾ ਬੰਦ ਕਰ ਦੇਵੋ ਤਾਂ ਸੰਗਤ ਉਨ੍ਹਾਂ ਪਾਸ ਜਾਣ ਤੋਂ ਬੰਦ ਹੋ ਜਾਵੇਗੀ। ਉਹ ਤਾਂ ਤੁਸਾਂ ਦੇ ਕੀਰਤਨ ਦੇ ਆਸਰੇ ਹੀ ਸੰਗਤ ਪਾਸੋਂ ਚੜ੍ਹਾਵਾ ਲੈਂਦੇ ਹਨ।"

ਸੱਤੇ ਅਤੇ ਬਲਵੰਡ ਨੂੰ ਸਮਝ ਨਾ ਪਈ ਕਿ ਪ੍ਰਿਥੀ ਚੰਦ ਤਾਂ ਗੁਰੂ ਅਰਜਨ ਦੇਵ ਜੀ ਦਾ ਦਿਲੋਂ ਵਿਰੋਧੀ ਸੀ। ਉਹ ਕਿਵੇਂ ਉਨ੍ਹਾਂ ਨੂੰ ਭਲਾਈ ਦੀ ਸਲਾਹ ਦੇ ਸਕਦਾ ਸੀ। ਉਹ ਦੋਵੇਂ ਪ੍ਰਿਥੀ ਚੰਦ ਦੇ ਕਹਿਣ ਉੱਪਰ ਦੂਜੀ ਸਵੇਰ ਗੁਰੂ ਘਰ ਕੀਰਤਨ ਕਰਨ ਨਾ ਪੁੱਜੇ। ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਘਰ ਤੋਂ ਬੁਲਾਉਣ ਲਈ ਸਿੱਖ ਭੇਜੇ। ਉਨ੍ਹਾਂ ਦੋਹਾਂ ਆਉਣ ਤੋਂ ਇਨਕਾਰ ਕਰ ਦਿੱਤਾ ਅਤੇ ਗੁਰੂ ਘਰ ਦੀ ਸ਼ਾਨ ਵਿਚ ਕੁਝ ਵੱਧ-ਘੱਟ ਵੀ ਕਿਹਾ। ਗੁਰੂ ਜੀ ਨੇ ਕਿਹਾ, "ਉਹ ਫਿੱਟ ਗਏ ਹਨ। ਉਨ੍ਹਾਂ ਨੂੰ ਮੇਰੇ ਮੱਥੇ ਨਾ ਲਗਾਉਣਾ। ਜਿਹੜਾ ਸਿੱਖ ਉਨ੍ਹਾਂ ਦੀ ਮੁਆਫ਼ੀ ਦੀ ਸਿਫ਼ਾਰਸ਼ ਲੈ ਕੇ ਸਾਡੇ ਪਾਸ ਆਵੇਗਾ, ਅਸੀਂ ਉਸ ਦਾ ਮੂੰਹ ਕਾਲਾ ਕਰ ਕੇ, ਗਧੇ ਉੱਪਰ ਬਿਠਾ ਕੇ ਸ਼ਹਿਰ ਵਿਚ ਜਲੂਸ ਕੱਢਾਂਗੇ।" ਉਸ ਪਿੱਛੋਂ ਗੁਰੂ ਅਰਜਨ ਦੇਵ ਜੀ ਨੇ ਸੰਗਤਾਂ ਨੂੰ ਨਾਲ ਲੈ ਕੇ ਆਪ ਸਰੰਦਾ ਫੜ ਕੇ ਕੀਰਤਨ ਸ਼ੁਰੂ ਕਰ ਦਿੱਤਾ ਅਤੇ ਸਿੱਖਾਂ ਨੂੰ ਕੀਰਤਨ ਦੀ ਦਾਤ ਬਖ਼ਸ਼ ਦਿੱਤੀ।

ਕੁਝ ਦਿਨਾਂ ਦੇ ਅੰਦਰ-ਅੰਦਰ ਸੱਤੇ ਅਤੇ ਬਲਵੰਡ ਦੇ ਸਰੀਰ ਫੋੜਿਆਂ ਨਾਲ ਭਰ ਗਏ। ਉਨ੍ਹਾਂ ਨੂੰ ਕੋਈ ਆਪਣੇ ਨੇੜੇ ਨਾ ਖੜ੍ਹੇ ਹੋਣ ਦੇਵੇ। ਉਨ੍ਹਾਂ ਨੇ ਲਾਹੌਰ ਜਾ ਕੇ ਭਾਈ ਲੱਧੇ ਪਾਸ ਪੁਕਾਰ ਕੀਤੀ ਕਿ ਉਹ ਗੁਰੂ ਅਰਜਨ ਦੇਵ ਜੀ ਪਾਸੋਂ ਉਨ੍ਹਾਂ ਨੂੰ ਮੁਆਫ਼ ਕਰਵਾ ਦੇਵੇ। ਭਾਈ ਲੱਧਾ, ਗੁਰੂ ਜੀ ਦੀ ਰੱਖੀ ਸ਼ਰਤ ਅਨੁਸਾਰ ਆਪਣਾ ਮੂੰਹ ਕਾਲਾ ਕਰ ਕੇ, ਗਧੇ ਉੱਪਰ ਅਸਵਾਰ ਹੋ ਕੇ, ਅੱਗੇ ਢੋਲ ਵਜਾਉਣ ਵਾਲੇ ਨੂੰ ਲਗਾ ਕੇ, ਫਿਟਕਾਰੇ ਹੋਏ ਸੱਤੇ ਅਤੇ ਬਲਵੰਡ ਨੂੰ ਨਾਲ ਲੈ ਕੇ ਗੁਰੂ ਜੀ ਪਾਸ ਹਾਜ਼ਰ ਹੋਇਆ। ਭਾਈ ਲੱਧੇ ਦੀ ਬੇਨਤੀ ਪ੍ਰਵਾਨ ਕਰ ਕੇ ਗੁਰੂ ਜੀ ਨੇ ਬਚਨ ਕੀਤੇ, "ਇਨ੍ਹਾਂ ਨੂੰ ਗੁਰੂ ਘਰ ਤੋਂ ਮੁਆਫ਼ੀ ਮਿਲ ਸਕਦੀ ਹੈ, ਜੇ ਇਹ ਗੁਰੂ ਘਰ ਦੀ ਉਸੇ ਮੂੰਹ ਨਾਲ ਉਸਤਤ ਕਰਨ, ਜਿਸ ਨਾਲ ਇਨ੍ਹਾਂ ਨਿੰਦਿਆ ਕੀਤੀ ਸੀ।" ਉਨ੍ਹਾਂ ਗੁਰੂ ਦੇ ਬਚਨ ਮੰਨ ਕੇ ਗੁਰੂ ਘਰ ਦੀ ਉਸਤਤ ਵਿਚ ਵਾਰ ਉਚਾਰਨ ਕੀਤੀ, ਜਿਸ ਨਾਲ ਉਨ੍ਹਾਂ ਦਾ ਰੋਗ ਦੂਰ ਹੋ ਗਿਆ ਅਤੇ ਉਨ੍ਹਾਂ ਨੂੰ ਸਮਝ ਪੈ ਗਈ ਕਿ ਸੰਤਾਂ ਦੀ ਨਿੰਦਿਆ ਭਲੀ ਨਹੀਂ। ਗੁਰੂ ਜੀ ਨੇ ਸੱਤੇ ਅਤੇ ਬਲਵੰਡ ਦੀ ਵਾਰ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਦੇ ਕੇ ਧੁਰ ਦੀ ਬਾਣੀ ਬਣਾ ਦਿੱਤਾ।

ਸੱਤਾ ਅਤੇ ਬਲਵੰਡ



Satta and Balwand

Satta and Balwand

Satta and Balwand, father and son, were musicians at the Guru's institution. Once Satta requested Guru Arjan Dev, "The marriage of my daughter is to be solemnised. May I be given some help ?" The Guru said, "Whatever is offered by the devotees at today recital, will be given to you." At the end of the recital, all that was offered was given to them. They were not pleased even after getting all the money because on that day the offering was below average.

When Prithi Chand came to know of this happening, he called Satta and Balwand to him and said, "You are simpletons. Guru Arjan Dev had forbidden the devotees from giving offerings because he had promised to give all of it to you. You know that all the devotees come to listen to your recitation. If you stop your recitals, the devotees will stop going to him. He gets offerings from the people only by the help of your recitation."

Satta and Balwand did not realise that Prithi Chand was against Guru Arjan Dev from his heart. How could he give an advice for their good ? Acting upon Prithi Chand's words, they did not reach the Guru's institution the next morning for the recital. Guru Arjan Dev sent Sikhs to their house to call them. Both of them refused to come and said something derogatory about the Guru's institution. Guru Arjan Dev said, "They have got spoiled. Let no one bring them before me. The Sikh who comes to me to plead for their forgiveness, will get his face blackened, mounted on a donkey and paraded in the streets." Guru Arjan Dev himself started the recital with his musical instrument and the devotees joined the Guru in the recital. Thus the Guru blessed the devotees with the gift of musical recital of the Guru's word.

Within a few days the bodies of Satta and Balwand were afflicted by ulcers. Blood started oozing out of those ulcers. No one would allow them to stand nearby. The father and son went to Lahore and beseeched Bhai Ladha to obtain pardon for their mistake from Guru Arjan Dev. As per the condition set forth by the Guru, Bhai Ladha blackened his face, mounted a donkey and preceded by a drummer, accompanied by the accused Satta and Balwand, presented himself before the Guru. Acceding to the request of Bhai Ladha the Guru said, "They can be pardoned by the Guru's institution if they praise the institution in the same way in which they had decried it." Satta and Balwand sang a ballad and their affliction was cured. They understood that evil speaking of saints is not good. Guru Arjan Dev made the ballad (Var), the Word of Truth by including it in Guru Granth Sahib.

ਭਾਈ ਮੰਝ



Bhai Manjh

ਭਾਈ ਮੰਝ

ਭਾਈ ਮੰਝ ਦਾ ਅਸਲੀ ਨਾਂ ਤੀਰਥਾ ਸੀ। ਉਸ ਦਾ ਗੋਤ ਮੰਝ ਹੋਣ ਕਾਰਨ ਉਸ ਦਾ ਨਾਂ ਮੰਝ ਪ੍ਰਸਿੱਧ ਹੋ ਗਿਆ ਸੀ। ਉਹ ਜ਼ਿਲ੍ਹਾ ਹੁਸ਼ਿਆਰਪੁਰ, ਪਿੰਡ ਕੰਗਮਾਈ ਦਾ ਬਹੁਤ ਵੱਡਾ ਜ਼ਿਮੀਂਦਾਰ ਸੀ। ਸਖ਼ੀ ਸਰਵਰ ਦਾ ਸੇਵਕ ਹੋਣ ਕਾਰਨ ਉਸ ਨੇ ਆਪਣੇ ਲਾਗੇ ਦੇ ਪਿੰਡਾਂ ਵਿਚ ਪੀਰਖ਼ਾਨੇ ਬਣਵਾਏ ਹੋਏ ਸਨ।

1585 ਈ. ਵਿਚ ਉਹ ਨਗਾਹੇ ਦੇ ਪੀਰਖ਼ਾਨੇ ਦੀ ਫੇਰੀ ਤੋਂ ਵਾਪਸ ਆਉਂਦਾ ਹੋਇਆ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਰੁਕਿਆ। ਉਸ ਨੇ ਸਿੱਖਾਂ ਨੂੰ ਸੰਗਤ ਦੀ ਸੇਵਾ ਕਰਦੇ ਹੋਏ ਦੇਖ ਕੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਉਸ ਨੂੰ ਵੀ ਉਹ ਆਪਣਾ ਸਿੱਖ ਬਣਾ ਲੈਣ। ਗੁਰੂ ਜੀ ਨੇ ਕਿਹਾ, "ਤੂੰ ਸਖ਼ੀ ਸਰਵਰ ਨੂੰ ਆਪਣਾ ਪੀਰ ਬਣਾਇਆ ਹੋਇਆ ਹੈ। ਸਿੱਖ ਬਣਨ ਲਈ ਤੈਨੂੰ ਪਹਿਲਾਂ ਉਸ ਨੂੰ ਤਿਆਗਣਾ ਪਵੇਗਾ।" ਭਾਈ ਮੰਝ ਨੇ ਆਪਣੇ ਪਿੰਡ ਜਾ ਕੇ ਗੁਰੂ ਜੀ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਆਪਣੇ ਘਰ ਵਿਚੋਂ ਪੀਰਖ਼ਾਨਾ ਢਾਹ ਦਿੱਤਾ। ਉਸ ਦੇ ਇਸ ਤਰ੍ਹਾਂ ਕਰਨ ਨਾਲ ਉਸ ਦੇ ਪਿੰਡ ਦੇ ਲੋਕੀ ਉਸ ਦਾ ਸਾਥ ਛੱਡ ਗਏ, ਜਿਸ ਨਾਲ ਉਸ ਦੀ ਚੌਧਰ ਚਲੀ ਗਈ। ਘਰ ਵਿਚ ਗ਼ਰੀਬੀ ਆ ਗਈ ਪਰ ਉਸ ਦਾ ਮਨ ਸਦਾ ਪ੍ਰਮਾਤਮਾ ਦੇ ਭਾਣੇ ਵਿਚ ਅਨੰਦ ਮਾਣਨ ਲੱਗਾ।

ਇਕ ਵਾਰੀ ਫਿਰ ਭਾਈ ਮੰਝ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਹਾਜ਼ਰ ਹੋਇਆ। ਉਹ ਵੀ ਬਾਕੀ ਸਿੱਖ ਸੰਗਤਾਂ ਦੀ ਤਰ੍ਹਾਂ ਜੰਗਲ ਵਿਚੋਂ ਲੱਕੜਾਂ ਕੱਟ ਕੇ ਲਿਆਉਣ ਦੀ ਸੇਵਾ ਕਰਨ ਲੱਗਾ। ਇਕ ਦਿਨ ਭਾਈ ਮੰਝ ਲੱਕੜਾਂ ਦੀ ਗੰਢ ਸਿਰ ਉੱਪਰ ਰੱਖੀ, ਜੰਗਲ ਤੋਂ ਵਾਪਸ ਆ ਰਿਹਾ ਸੀ। ਰਸਤੇ ਵਿਚ ਬਹੁਤ ਜ਼ੋਰ ਦੀ ਹਨੇਰੀ ਆਈ। ਰਸਤਾ ਨਜ਼ਰ ਆਉਣੋਂ ਬੰਦ ਹੋ ਗਿਆ। ਹਵਾ ਦੇ ਜ਼ੋਰ ਨਾਲ ਭਾਈ ਮੰਝ ਇਕ ਖੂਹ ਵਿਚ ਡਿੱਗ ਗਿਆ। ਉਸਨੇ ਖੂਹ ਵਿਚ ਡਿੱਗਿਆਂ ਹੋਇਆਂ ਵੀ ਲੱਕੜਾਂ ਦੀ ਗੰਢ ਸਿਰ ਉੱਪਰੋਂ ਪਾਣੀ ਵਿਚ ਨਾ ਡਿੱਗਣ ਦਿੱਤੀ ਤਾਂ ਜੋ ਲੱਕੜਾਂ ਪਾਣੀ ਵਿਚ ਡਿੱਗ ਕੇ ਗਿੱਲੀਆਂ ਨਾ ਹੋ ਜਾਣ ਅਤੇ ਸੰਗਤਾਂ ਨੂੰ ਅੱਗ ਜਲਾਉਣ ਵਿਚ ਕੋਈ ਤਕਲੀਫ਼ ਪੇਸ਼ ਆਵੇ। ਉਸ ਨੇ ਆਪਣਾ ਮਨ ਬਾਣੀ ਪੜ੍ਹਨ ਵਿਚ ਲਗਾਈ ਰੱਖਿਆ।

ਲੰਗਰ ਦੀਆਂ ਸੰਗਤਾਂ ਨੂੰ ਹਨੇਰਾ ਹੋਣ ਤੋਂ ਬਾਅਦ ਵੀ, ਭਾਈ ਮੰਝ ਲੱਕੜਾਂ ਲੈ ਕੇ ਵਾਪਸ ਆਇਆ ਨਜ਼ਰ ਨਾ ਆਇਆ ਤਾਂ ਸੰਗਤ ਉਸਦੀ ਭਾਲ ਵਿਚ ਜੰਗਲ ਵੱਲ ਉਸਨੂੰ ਆਵਾਜ਼ਾਂ ਦਿੰਦੀ ਚੱਲ ਪਈ। ਰਸਤੇ ਵਿਚ ਸੰਗਤ ਜਦੋਂ ਖੂਹ ਕੋਲ ਪੁੱਜੀ ਤਾਂ ਉਨ੍ਹਾਂ ਨੂੰ ਭਾਈ ਮੰਝ ਦੀ ਆਵਾਜ਼ ਖੂਹ ਵਿਚੋਂ ਸੁਣਾਈ ਦਿੱਤੀ। ਸੰਗਤਾਂ ਨੇ ਖੂਹ ਵਿਚ ਰੱਸਾ ਲਮਕਾ ਕੇ ਕਿਹਾ, "ਭਾਈ ਮੰਝ ਜੀ, ਰੱਸਾ ਫੜ ਕੇ ਉੱਪਰ ਚੜ੍ਹ ਆਵੋ।" ਅੱਗੋਂ ਖੂਹ ਵਿਚੋਂ ਭਾਈ ਮੰਝ ਨੇ ਕਿਹਾ, "ਪਹਿਲਾਂ ਇਹ ਸੁੱਕੀਆਂ ਲੱਕੜਾਂ ਦੀ ਗੰਢ ਨੂੰ ਬਾਹਰ ਖਿੱਚ ਲਵੋ, ਫਿਰ ਮੈਂ ਆਵਾਂਗਾ।" ਭਾਈ ਮੰਝ ਦੇ ਬਾਹਰ ਨਿਕਲਣ ਤਕ ਗੁਰੂ ਅਰਜਨ ਦੇਵ ਜੀ ਵੀ ਉਸ ਖੂਹ ਉੱਪਰ ਪੁੱਜ ਗਏ। ਗੁਰੂ ਜੀ ਨੇ ਕਿਹਾ, "ਭਾਈ ਮੰਝ, ਅਸੀਂ ਤੇਰੀ ਸੇਵਾ ਉੱਪਰ ਬਹੁਤ ਖ਼ੁਸ਼ ਹੋਏ ਹਾਂ। ਕੁਝ ਮੰਗ ਲੈ।" ਅੱਗੋਂ ਭਾਈ ਮੰਝ ਨੇ ਬੜੀ ਨਿਮਰਤਾ ਨਾਲ ਉੱਤਰ ਦਿੱਤਾ, "ਗੁਰੂ ਜੀ, ਆਪ ਨੇ ਮੈਨੂੰ ਆਤਮਕ ਅਨੰਦ ਬਖ਼ਸ਼ ਦਿੱਤਾ ਹੈ, ਹੋਰ ਕਿਸੇ ਪਦਾਰਥ ਦੇ ਮੰਗਣ ਦੀ ਲੋੜ ਬਾਕੀ ਨਹੀਂ ਰਹੀ।"

Bhai Manjh

The real name of Bhai Manjh was Tiratha. His surname being Manjh, he came to be called Manjh. He was a big landlord of village Kangmai, district Hoshiarpur. He was a follower of Sakhi Sarvar, so he had constructed Pirkhanas — places for worship, in the nearby villages to propagate his faith.

In 1585 A.D., while returning from a visit to the Pirkhana at Nigaha, he stopped at Amritsar for an audience with Guru Arjan Dev. Seeing Sikhs serving the devotees in the Guru's institution, he requested Guru Arjan Dev to make him his disciple. The Guru said, "You have acknowledged Sakhi Sarvar as your spiritual guide. You shall have to give him up to become a Sikh." Obeying the command of the Guru, Bhai Manjh went to his village and demolished the Pirkhana from his house, due to which, the people of the village parted with him. With it went the headmanship of the village. Poverty was another consequence but his mind came to be contented in the Will of God and he began to feel happy.

Once, Bhai Manjh presented himself in service of Guru Arjan Dev. Like other Sikh devotees, he took the service to cut wood in the forest and bring it for the community kitchen. One day, Bhai Manjh was returning from the forest with a bundle of firewood on his head. There was a strong dust-storm on the way back. It was so severe that one could not find his way. Swept by the wind, Bhai Manjh fell into a well. Even in the well, Bhai Manjh did not let the bundle of wood fall from his head so that it might not get wet and the devotees may not feel any difficulty in lighting the fire. He kept his mind occupied in reciting the Guru's word.

When the devotees of the kitchen did not find Bhai Manjh returned even after dark, they started towards the forest in his search, calling him loudly. When they reached the well, they heard his voice from the well. The Sikhs hung a rope in the well and said, "Brother Manjh ! Please catch hold of the rope and climb up." Bhai Manjh replied, "Please pull up this bundle of dry wood first. I will come next." By the time Bhai Manjh came out, Guru Arjan Dev also reached the well. The Guru said, "Bhai Manjh, I am very pleased with your service. Ask for something." Bhai Manjh replied, "Respected Guru ! You have already bestowed spiritual bliss. There is no need of anything else."

ਬੁੱਧੂ ਸ਼ਾਹ

ਬੁੱਧੂ ਸ਼ਾਹ ਲਾਹੌਰ ਦਾ ਰਹਿਣ ਵਾਲਾ ਸੀ। ਉਸ ਦਾ ਅਸਲੀ ਨਾਂ ਸਾਧੂ ਸੀ। ਲਾਹੌਰ ਸ਼ਹਿਰ ਵਿਚ ਉਸ ਦਾ ਇੱਟਾਂ ਦਾ ਕਾਫ਼ੀ ਵੱਡਾ ਕਾਰੋਬਾਰ ਸੀ। ਉਹ ਮਜ਼ਦੂਰਾਂ ਪਾਸੋਂ ਇੱਟਾਂ ਬਣਵਾ ਕੇ, ਆਵਿਆਂ ਵਿਚ ਪਕਵਾ ਕੇ ਅੱਗੋਂ ਵੇਚਦਾ ਸੀ। ਉਸ ਦਾ ਕਾਰੋਬਾਰ ਇੰਨਾ ਵੱਡਾ ਸੀ ਕਿ ਉਸ ਪਾਸੋਂ ਸਰਕਾਰੀ ਕੰਮਾਂ ਲਈ ਵੀ ਇੱਟਾਂ ਖ਼ਰੀਦੀਆਂ ਜਾਂਦੀਆਂ ਸਨ।


ਇਕ ਵਾਰੀ ਉਸਨੇ ਗੁਰੂ ਅਰਜਨ ਦੇਵ ਜੀ ਅਤੇ ਸਿੱਖ ਸੰਗਤ ਨੂੰ ਆਪਣੇ ਘਰ ਭੋਜਨ ਉੱਪਰ ਇਸ ਸ਼ਰਧਾ ਨਾਲ ਬੁਲਾਇਆ ਕਿ ਉਸਦੇ ਨਵੇਂ ਪਾਏ ਆਵਿਆਂ ਦੀਆਂ ਸਾਰੀਆਂ ਇੱਟਾਂ ਚੰਗੀ ਤਰ੍ਹਾਂ ਪੱਕ ਜਾਣ। ਸਿੱਖ ਸੰਗਤ ਜਦੋਂ ਭੋਜਨ ਛਕ ਰਹੀ ਸੀ, ਉਸ ਵੇਲੇ ਭਾਈ ਲੱਖੂ ਪਟੋਲੀਆ, ਜਿਹੜਾ ਭਾਈ ਕਮਲੀਆ ਕਰਕੇ ਪ੍ਰਸਿੱਧ ਸੀ, ਬੁੱਧੂ ਸ਼ਾਹ ਦੇ ਘਰ ਅੱਗੇ ਪੁੱਜਿਆ ਜਿੱਥੇ ਸੰਗਤਾਂ ਨੂੰ ਭੋਜਨ ਵਰਤਾਇਆ ਜਾ ਰਿਹਾ ਸੀ। ਭਾਈ ਕਮਲੀਏ ਦੇ ਫਟੇ ਹੋਏ ਕੱਪੜੇ ਦੇਖ ਕੇ ਦਰਵਾਜ਼ੇ ਉੱਪਰ ਖੜ੍ਹੇ ਸੇਵਾਦਾਰ ਨੇ ਦਰਵਾਜ਼ਾ ਬੰਦ ਕਰ ਦਿੱਤਾ ਅਤੇ ਅੰਦਰ ਜਾਣ ਤੋਂ ਰੋਕ ਦਿੱਤਾ। ਉਸ ਨੂੰ ਖਾਣ ਲਈ ਵੀ ਕੁਝ ਨਾ ਦਿੱਤਾ। ਸੇਵਾਦਾਰ ਨੇ ਇਹ ਕਹਿ ਕੇ ਟਾਲ਼ ਦਿੱਤਾ, "ਤੂੰ ਲੇਟ ਹੋ ਗਿਐਂ। ਭੋਜਨ ਵਰਤ ਚੁੱਕਿਆ ਹੈ।" ਭਾਈ ਕਮਲੀਆ ਦਰਵਾਜ਼ੇ ਦੇ ਬਾਹਰ ਹੀ ਖੜ੍ਹਾ ਹੋ ਗਿਆ।

ਸਿੱਖ ਸੰਗਤਾਂ ਦੇ ਭੋਜਨ ਛਕਣ ਪਿਛੋਂ ਬੁੱਧੂ ਸ਼ਾਹ ਨੇ ਗੁਰੂ ਅਰਜਨ ਦੇਵ ਜੀ ਅੱਗੇ ਬੇਨਤੀ ਕੀਤੀ, "ਮੇਰੇ ਮਨ ਦੀ ਭਾਵਨਾ ਹੈ ਕਿ ਇਸ ਵਾਰੀ ਮੇਰੀਆਂ ਇੱਟਾਂ ਵਧੀਆ ਪੱਕਣ ਅਤੇ ਮੈਨੂੰ ਵੇਚਣ ਉੱਪਰ ਚੰਗੇ ਪੈਸੇ ਮਿਲਣ।" ਅਰਦਾਸ ਕਰਨ ਵਾਲੇ ਸਿੱਖ ਨੇ ਅਰਦਾਸ ਕਰਦੇ ਹੋਏ ਜਦੋਂ ਕਿਹਾ, "ਬੁੱਧੂ ਸ਼ਾਹ ਦੇ ਆਵੇ ਦੀਆਂ ਇੱਟਾਂ ਪੱਕ ਜਾਣ", ਉਸ ਸਮੇਂ ਬਾਹਰ ਤੋਂ ਭਾਈ ਕਮਲੀਏ ਦੀ ਆਵਾਜ਼ ਆਈ, "ਇੱਟਾਂ ਕੱਚੀਆਂ ਰਹਿਣਗੀਆਂ ਕਿਉਂਕਿ ਬੁੱਧੂ ਸ਼ਾਹ ਦੇ ਆਦਮੀਆਂ ਮੈਨੂੰ ਭੁੱਖੇ ਨੂੰ ਕੁਝ ਖਾਣ ਲਈ ਨਹੀਂ ਦਿੱਤਾ। ਜਦੋਂ ਮੈਂ ਸੇਵਾਦਾਰਾਂ ਪਾਸੋਂ ਭੋਜਨ ਮੰਗਿਆ ਤਾਂ ਉਨ੍ਹਾਂ ਜਵਾਬ ਦੇ ਦਿੱਤਾ ਅਤੇ ਕਿਹਾ ਕਿ ਭੋਜਨ ਵਰਤ ਚੁੱਕਿਆ ਹੈ।"

ਗੁਰੂ ਅਰਜਨ ਦੇਵ ਜੀ ਨੇ ਬੁੱਧੂ ਸ਼ਾਹ ਨੂੰ ਕਿਹਾ, "ਭਾਈ ਕਮਲੀਏ ਦੇ ਵਾਕ ਅਨੁਸਾਰ, ਤੇਰੇ ਆਵੇ ਦੀਆਂ ਇੱਟਾਂ ਕੱਚੀਆਂ ਰਹਿਣਗੀਆਂ ਕਿਉਂਕਿ ਤੇਰੇ ਆਦਮੀਆਂ ਇਕ ਲੋੜਵੰਦ ਨੂੰ ਭੋਜਨ ਨਹੀਂ ਦਿੱਤਾ। ਉਸ ਦਾ ਕਿਹਾ ਬਿਰਥਾ ਨਹੀਂ ਜਾ ਸਕਦਾ। ਪਰ ਸਿੱਖ ਸੰਗਤ ਦੀ ਅਰਦਾਸ ਕੀਤੀ ਵੀ ਬਿਰਥੀ ਨਹੀਂ ਜਾ ਸਕਦੀ। ਇਸ ਲਈ ਤੇਰੀਆਂ ਕੱਚੀਆਂ ਇੱਟਾਂ ਹੀ ਪੱਕੀਆਂ ਦੇ ਭਾਅ ਵਿਕ ਜਾਣਗੀਆਂ।"

ਰੱਬ ਦੀ ਕੁਦਰਤ, ਉਸ ਸਾਲ ਬਹੁਤ ਬਾਰਸ਼ਾਂ ਹੋਈਆਂ। ਬਾਰਸ਼ਾਂ ਨਾਲ ਲੋਕਾਂ ਦੇ ਪੁਰਾਣੇ ਘਰ ਤਾਂ ਡਿੱਗਣੇ ਹੀ ਸਨ, ਕਿਲ੍ਹੇ ਦੀ ਕੰਧ ਵੀ ਡਿੱਗ ਗਈ। ਕਿਲ੍ਹੇ ਦੀ ਦੀਵਾਰ ਬਣਾਉਣ ਲਈ ਸੂਬੇਦਾਰ ਨੂੰ ਪੱਕੀਆਂ ਇੱਟਾਂ ਕਿਸੇ ਪਾਸੇ ਤੋਂ ਨਾ ਮਿਲੀਆਂ। ਕਿਲ੍ਹੇ ਦੀ ਦੀਵਾਰ ਬਣਾਉਣੀ ਜ਼ਰੂਰੀ ਸੀ। ਇਸ ਲਈ ਸੂਬੇਦਾਰ ਨੇ ਬੁੱਧੂ ਸ਼ਾਹ ਪਾਸੋਂ ਉਸ ਦੀਆਂ ਕੱਚੀਆਂ ਪਿੱਲੀਆਂ ਇੱਟਾਂ ਦੇ ਪੈਸੇ ਪੱਕੀਆਂ ਦੇ ਭਾਅ ਦੇ ਅਦਾ ਕਰ ਕੇ ਆਪਣੀ ਦੀਵਾਰ ਪੂਰੀ ਕਰਵਾਈ। ਬੁੱਧੂ ਸ਼ਾਹ ਆਪਣੀਆਂ ਕੱਚੀਆਂ ਪਿੱਲੀਆਂ ਇੱਟਾਂ ਦੇ ਪੈਸੇ ਪੱਕੀਆਂ ਦੇ ਭਾਅ ਲੈ ਕੇ ਬੜਾ ਖ਼ੁਸ਼ ਹੋਇਆ। ਅੱਗੇ ਲਈ ਬੁੱਧੂ ਸ਼ਾਹ ਨੇ ਪੱਲੇ ਬੰਨ੍ਹ ਲਿਆ ਕਿ ਨੰਗੇ ਅਤੇ ਭੁੱਖੇ ਦੀ ਪ੍ਰਮਾਤਮਾ ਪਹਿਲਾਂ ਸੁਣਦਾ ਹੈ। ਨੰਗੇ ਨੂੰ ਕੱਪੜਾ ਅਤੇ ਭੁੱਖੇ ਨੂੰ ਅੰਨ ਦੇਣ ਵਾਲਿਆਂ ਦੀਆਂ ਮੁਰਾਦਾਂ ਪ੍ਰਮਾਤਮਾ ਆਪ ਪੂਰੀਆਂ ਕਰਦਾ ਹੈ।

ਬੁੱਧੂ ਸ਼ਾਹ



Buddhu Shah

Buddhu Shah

Buddhu Shah was a resident of Lahore. His real name was Sadhu. He was a big businessman in Lahore city. His work was to get the bricks moulded and baked in kilns from the labourers, then sell them. His trade was flourishing to the extent that bricks were also bought from him for government works.


Once he invited Guru Arjan Dev and other devotees for meals with a wish that all the bricks in his newly started kilns be well baked. When the Sikh devotees were taking their meals, Bhai Lakhu Patolia, who was well known by the name Bhai Kamaliya, reached the gate of Buddhu Shah's house where the meals were being served. Seeing the torn dress of Bhai Kamaliya, the servant standing at the gate, closed that and did not allow him to go inside. He was also not given anything to eat. He was put off with the words, "You are late. Meals have already been served." Bhai Kamaliya kept standing outside the gate.

After the Sikh devotees had finished their meals, Buddhu Shah made a request to Guru Arjan Dev, "I have a wish that my bricks be well baked and I may earn a lot of money by selling them." When the Sikh offering the prayer said that the bricks should be well baked, the voice of Bhai Kamaliya standing outside, was heard, "The bricks will remain unbaked because Buddhu Shah gave me, a hungry man, nothing to eat. When I asked for food from his men, I was refused with the words that the food have been served."

Guru Arjan Dev said to Buddhu Shah, "In accordance with the words of Bhai Kamaliya, the bricks of your kiln will remain unbaked because your men refused food to a hungry man. His words must be fulfilled. The prayer offered by the Sikh devotees also cannot go unheeded. So your unbaked bricks will fetch the same price as the good baked ones do."

As nature would have it, there was very heavy rain that year. Besides the old houses which were vulnerable, the wall of the fort also fell. The governor did not get baked bricks for the construction of the wall from anywhere. It was essential to build the wall of the fort. So the governor bought half baked bricks from Buddhu Shah to meet his need. Buddhu Shah was very pleased to sell unbaked bricks at the rate of baked ones. From then on, Buddhu Shah grasped the truth that God listens to the hungry and the unclad first. God grants the wishes of those who give clothes to the naked, food to the hungry and help the needy people.

ਨਾਮ ਸਿਮਰਨ



The Way to Meditate

ਨਾਮ ਸਿਮਰਨ

ਭਾਈ ਬਾਲਾ ਅਤੇ ਭਾਈ ਕ੍ਰਿਸ਼ਨ, ਦੋ ਸਿੱਖ, ਬੜੇ ਵਿਦਵਾਨ ਅਤੇ ਕਥਾਕਾਰ ਸਨ। ਆਪਣੇ ਆਸ ਪਾਸ ਦੇ ਪਿੰਡਾਂ ਵਿਚ ਬਹੁਤ ਪ੍ਰਸਿੱਧ ਸਨ। ਦੂਰ ਅਤੇ ਨੇੜੇ ਦੇ ਲੋਕੀ ਉਨ੍ਹਾਂ ਦੀ ਕਥਾ ਸੁਣਨ ਆਉਂਦੇ, ਉਨ੍ਹਾਂ ਨੂੰ ਆਪਣੇ ਪਿੰਡਾਂ ਵਿਚ ਵੀ ਬੁਲਾਉਂਦੇ ਅਤੇ ਉਨ੍ਹਾਂ ਦੇ ਵਿਚਾਰ ਸਰਵਣ ਕਰਦੇ। ਸਤਿਕਾਰ ਵਜੋਂ ਚੋਖੀ ਮਾਇਆ ਵੀ ਉਨ੍ਹਾਂ ਨੂੰ ਭੇਟ ਕਰਦੇ। ਕਥਾ ਕਰਵਾਉਣ ਵਾਲਿਆਂ ਦੀਆਂ ਮੰਗਾਂ ਬੜੀ ਮੁਸ਼ਕਲ ਪੂਰੀਆਂ ਕਰਦੇ। ਉਨ੍ਹਾਂ ਨੂੰ ਕਦੇ ਸੱਦਿਆਂ ਵਲੋਂ ਵਿਹਲ ਨਾ ਮਿਲਦਾ।

ਉਹ ਇਕ ਵਾਰੀ ਬੜੀ ਮੁਸ਼ਕਲ ਨਾਲ ਸਮਾਂ ਕੱਢ ਕੇ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਪੁੱਜੇ। ਅੰਮ੍ਰਿਤ ਵੇਲੇ ਦੇ ਦੀਵਾਨ ਦੀ ਸਮਾਪਤੀ ਪਿੱਛੋਂ ਉਨ੍ਹਾਂ ਗੁਰੂ ਅਰਜਨ ਦੇਵ ਜੀ ਪਾਸ ਬੇਨਤੀ ਕੀਤੀ, "ਗੁਰੂ ਜੀ, ਸਾਡੀ ਕਥਾ ਸਿੱਖ ਸੰਗਤ ਬੜੇ ਪਿਆਰ ਨਾਲ ਸੁਣਦੀ ਹੈ। ਸਾਡੀ ਕਦਰ ਵੀ ਬਹੁਤ ਕਰਦੀ ਹੈ। ਇਸ ਤਰ੍ਹਾਂ ਦੀ ਸਾਡੀ ਸੇਵਾ ਹੁੰਦੇ ਹੋਏ ਵੀ ਸਾਡੇ ਮਨਾਂ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਸਾਡੇ ਮਨ ਸਦਾ ਅਸ਼ਾਂਤ ਰਹਿੰਦੇ ਹਨ। ਆਪ ਦੇ ਪਾਸੋਂ ਕੋਈ ਵੀ ਚੀਜ਼ ਛੁਪੀ ਹੋਈ ਨਹੀਂ। ਆਪ ਘਟ ਘਟ ਵਿਚ ਵਾਪਰਨ ਵਾਲੀ ਘਟਨਾ ਤੋਂ ਜਾਣੂ ਹੋ। ਸਾਨੂੰ ਸਮਝਾਉ ਸਾਡੀ ਕਿਹੜੀ ਊਣਤਾਈ ਹੈ ਜਿਸ ਕਾਰਨ ਸਾਨੂੰ ਸ਼ਾਂਤੀ ਨਹੀਂ ਮਿਲਦੀ।"

ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਦੱਸਿਆ, "ਭਾਈ ਸਿੱਖੋ, ਤੁਸੀਂ ਕਥਾ ਬੜੇ ਚੰਗੇ ਢੰਗ ਨਾਲ ਕਰਦੇ ਹੋ। ਕਥਾ,ਗਿਆਨ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ। ਇਸ ਲਈ ਤੁਸੀਂ ਚੋਖੇ ਵਿਦਵਾਨ ਵੀ ਹੋ। ਤੁਸੀਂ ਕਥਾ ਕਰਦੇ ਹੋ ਅਤੇ ਆਪਣੇ ਵਿਚਾਰ ਵੀ ਦਿੰਦੇ ਹੋ। ਪਰ ਤੁਸੀਂ ਆਪਣੀ ਕਹੀ ਹੋਈ ਕਥਾ ਉੱਪਰ ਆਪਣਾ ਜੀਵਨ ਨਹੀਂ ਢਾਲਦੇ। ਕਥਾ ਅਤੇ ਵਿਚਾਰ ਦੂਜਿਆਂ ਨੂੰ ਸੁਣਾਉਂਦੇ ਹੋ। ਜਿਹੜਾ ਸਿੱਖ ਤੁਸਾਂ ਦੀ ਕਥਾ ਸੁਣਦਾ ਹੈ ਅਤੇ ਉਸ ਅਨੁਸਾਰ ਆਪਣਾ ਜੀਵਨ ਢਾਲ ਲੈਂਦਾ ਹੈ; ਉਹ ਸ਼ਾਂਤੀ ਪ੍ਰਾਪਤ ਕਰ ਲੈਂਦਾ ਹੈ। ਆਪ ਜਦੋਂ ਕਥਾ ਕਰਦੇ ਹੋ ਅਤੇ ਵਿਚਾਰ ਦਿੰਦੇ ਹੋ, ਆਪ ਦੇ ਮੁੱਖ ਤੋਂ ਸਿੱਖ ਸੰਗਤ ਸੁਹਣੇ ਵਿਚਾਰ ਸੁਣ ਕੇ ਆਪ ਨੂੰ ਮਾਇਆ ਭੇਟ ਕਰਦੀ ਹੈ। ਮਾਇਆ ਦੇ ਆਉਂਦੇ ਹੀ ਤੁਸੀਂ ਭੁੱਲ ਜਾਂਦੇ ਹੋ ਕਿ ਜਿਹੜੇ ਬਚਨ ਤੁਸੀਂ ਆਪਣੇ ਮੁੱਖ ਤੋਂ ਕਹਿੰਦੇ ਹੋ, ਉਨ੍ਹਾਂ ਅਨੁਸਾਰ ਤੁਸੀਂ ਵੀ ਆਪਣਾ ਜੀਵਣ ਢਾਲਣਾ ਹੈ ਅਤੇ ਸ਼ਾਂਤੀ ਪ੍ਰਾਪਤ ਕਰਨੀ ਹੈ। ਜਦੋਂ ਤਕ ਤੁਸੀਂ ਗੁਰੂ ਦੇ ਬਚਨਾਂ ਉੱਪਰ ਚੱਲਣ ਦੀ ਕੋਸ਼ਸ਼ ਨਹੀਂ ਕਰੋਗੇ ਤਦੋਂ ਤਕ ਆਪ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ। ਮਨ ਦੀ ਸ਼ਾਂਤੀ ਲਈ ਨਾਮ ਦਾ ਸਿਮਰਨ ਜ਼ਰੂਰੀ ਹੈ। ਇਹ ਤਦ ਹੁੰਦਾ ਹੈ ਜਦੋਂ ਨਾਮ ਦੀ ਸਿੱਖਿਆ ਉੱਪਰ ਜੀਵਨ ਢਾਲਿਆ ਜਾਵੇ। ਜੀਵਨ ਨੂੰ ਨਾਮ ਉੱਪਰ ਢਾਲਣਾ ਹੀ ਨਾਮ ਦਾ ਸਿਮਰਨ ਹੈ।"

ਭਾਈ ਬਾਲੇ ਅਤੇ ਭਾਈ ਕ੍ਰਿਸ਼ਨ ਨੇ ਗੁਰੂ ਅਰਜਨ ਦੇਵ ਜੀ ਦੀ ਸਿੱਖਿਆ ਉੱਪਰ ਅਮਲ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਸ਼ਾਂਤੀ ਪ੍ਰਾਪਤ ਕੀਤੀ। ਜਿਸ ਜਿਸ ਪਿੰਡ ਵਿਚ ਉਨ੍ਹਾਂ ਕਥਾ ਅਤੇ ਆਪਣੇ ਵਿਚਾਰ ਦਿੱਤੇ, ਹਰ ਸੁਣਨ ਵਾਲੇ ਸਿੱਖ ਨੂੰ ਗੁਰੂ ਦੀ ਸਿੱਖਿਆ ਉੱਪਰ ਚੱਲ ਕੇ ਆਪਣੇ ਜੀਵਨ ਵਿਚ ਸ਼ਾਂਤੀ ਪ੍ਰਾਪਤ ਕਰਨ ਦਾ ਢੰਗ ਦੱਸਿਆ।

The Way to Meditate

Two Sikhs, Bhai Bala and Bhai Krishna were very learned and good interpreters of the Guru's word. They were famous in the villages around the place. People from far and near came to listen to their sermons and called them to their villages to listen their views. As a token of their respect, they would offer them ample amount of money. They would find it hard to meet with the demands of those wanting their discourses. They were never short of invitations.

Once, managing spare time with great difficulty, they came to Amritsar for an audience with Guru Arjan Dev. After the conclusion of the morning recitation, they prayed to Guru Arjan Dev, "Revered Guru ! Sikh devotees listen to our expositions with great attention and they also respect us much. Inspite of all this service and regard, our minds are not at peace. Our minds are always agitated. Nothing is hidden from you. You know all that is happening in every mind. Please make us understand our shortcomings due to which we do not get peace."

Guru Arjan Dev told them, "Brother Sikhs, you give discourses in a fine way. Discourses cannot be given without knowledge. As such, you are quite learned also. You give expositions of the Guru's word and your own views. But you do not mould your lives in accordance with your words. You give interpretations and your own views to others. The Sikh who listens to your discourses moulds his life accordingly. He attains peace. When you sermonise and give views, the Sikh devotees listening to the good words from your mouth, offer you money. When money comes, you forget that you also have to mould your life according to the views expressed by you and attain peace. You cannot attain peace until you try to act upon the teachings in the Guru's word. It is essential to meditate upon Godly system. This is only possible when life is moulded according to the teachings concerning the Holy system. The moulding of life according to His Word only, is meditation."

Bhai Bala and Bhai Krishna started acting on the advice of Guru Arjan Dev. They attained peace. In whichever village, they delivered discourses and their own views, they told the congregation to act upon the teachings of the Gurus to attain peace.

ਹਰਿਮੰਦਰ ਸਾਹਿਬ ਦੀ ਸਾਜਨਾ

ਗੁਰੂ ਅਰਜਨ ਦੇਵ ਜੀ ਦੇ ਸਮੇਂ ਮੰਦਰ ਤਾਂ ਬਹੁਤ ਸਨ, ਜਿਨ੍ਹਾਂ ਵਿਚ ਬੈਠ ਕੇ ਪ੍ਰਮਾਤਮਾ ਦੀ ਉਸਤਤ ਦੇ ਭਜਨ ਗਾਏ ਜਾ ਸਕਦੇ ਸਨ ਅਤੇ ਉਸ ਪ੍ਰਮਾਤਮਾ ਦੀ ਕੁਦਰਤ ਉੱਪਰ ਵਿਚਾਰ ਸਾਂਝੇ ਕੀਤੇ ਜਾ ਸਕਦੇ ਸਨ। 'ਮੰਦਰ' ਸ਼ਬਦ ਦਾ ਅਰਥ, ਸਮੁੱਚੇ ਰੂਪ ਵਿਚ ਉਹ ਪਹਾੜ ਹੈ ਜਿਸ ਨੂੰ ਦੇਵਤਿਆਂ ਨੇ ਅੰਮ੍ਰਿਤ ਤਿਆਰ ਕਰਨ ਸਮੇਂ ਸਮੁੰਦ੍ਰ ਨੂੰ ਰਿੜਕਣ ਲਈ ਮਧਾਣੀ ਬਣਾਇਆ ਸੀ, ਜਾਂ ਉਹ ਥਾਂ ਜਿਸ ਵਿਚ ਬੈਠ ਕੇ ਸਵਰਗ ਦਾ ਅਨੰਦ ਮਾਣਿਆ ਜਾ ਸਕਦਾ ਹੋਵੇ। ਪਹਾੜ ਜਾਂ ਸਵਰਗ ਦੋਵੇਂ ਦੁਨੀਆਂ ਦੇ ਸੁਖਾਂ ਦੇ ਸਾਧਨ ਹੀ ਹਨ। ਗੁਰੂ ਅਰਜਨ ਦੇਵ ਜੀ ਨੇ ਹਰੀ ਦਾ ਮੰਦਰ ਸਾਜਣ ਦੀ ਵਿਚਾਰ ਧਾਰੀ, ਜਿਸ ਹਰਿਮੰਦਰ ਵਿਚ ਦਿਨ ਰਾਤ, ਉਸ ਪ੍ਰਮਾਤਮਾ ਦੇ ਗੁਣ ਗਾਏ ਜਾਣ। ਜਿਹੜਾ ਪ੍ਰਾਣੀ ਉਸ ਹਰਿਮੰਦਰ ਵਿਚ ਸ਼ਰਧਾ ਨਾਲ ਦਾਖ਼ਲ ਹੋਵੇ ਉਸ ਨੂੰ ਪ੍ਰਤੱਖ ਹਰਿ ਅਨੁਭਵ ਹੋਵੇ। ਸਵਰਗ ਦੇ ਸੁਖਾਂ ਤੋਂ ਉੱਪਰ ਉਹ ਆਤਮਕ ਅਨੰਦ ਪਾਵੇ।

ਗੁਰੂ ਜੀ ਨੂੰ ਇਸ ਤਰ੍ਹਾਂ ਦੇ ਹਰਿਮੰਦਰ ਲਈ ਅੰਮ੍ਰਿਤਸਰ ਸ਼ਹਿਰ ਢੁਕਵਾਂ ਲੱਗਿਆ, ਜਿਸ ਨੂੰ ਗੁਰੂ ਰਾਮਦਾਸ ਜੀ ਨੇ ਵਸਾਇਆ ਸੀ। ਉਸ ਸ਼ਹਿਰ ਵਿਚ ਉਸ ਕਰਮਾਂ ਵਾਲੀ ਛਪੜੀ ਨੂੰ ਭਾਗ ਲਗੇ, ਜਿੱਥੇ ਬੀਬੀ ਰਜਨੀ ਦੇ ਪਤੀ ਦਾ ਕੋਹੜ ਦੂਰ ਹੋਇਆ ਸੀ। ਉਸ ਛਪੜੀ ਨੂੰ ਗੁਰੂ ਰਾਮਦਾਸ ਜੀ ਨੇ ਸਰੋਵਰ ਵਿਚ ਬਦਲ ਕੇ ਅੰਮ੍ਰਿਤਸਰ ਨਾਂ ਦੇ ਦਿੱਤਾ ਸੀ। ਉਸ ਅੰਮ੍ਰਿਤ ਦੇ ਸਰੋਵਰ ਵਿਚ ਗੁਰੂ ਅਰਜਨ ਦੇਵ ਜੀ ਨੇ ਪ੍ਰਸਿੱਧ ਸੂਫ਼ੀ ਫ਼ਕੀਰ, ਮੀਆਂ ਮੀਰ ਪਾਸੋਂ 3 ਅਕਤੂਬਰ, 1588 ਨੂੰ ਹਰਿਮੰਦਰ ਦਾ ਨੀਂਹ ਪੱਥਰ ਰਖਾਇਆ। ਇਸ ਕਾਰਜ ਲਈ ਗੁਰੂ ਅਰਜਨ ਦੇਵ ਜੀ ਆਪ ਲਾਹੌਰ ਜਾ ਕੇ ਮੀਆਂ ਮੀਰ ਫ਼ਕੀਰ ਨੂੰ ਨਾਲ ਲੈ ਕੇ ਆਏ ਸਨ।

ਹਰਿਮੰਦਰ ਦੇ ਚਾਰ ਦਰਵਾਜ਼ੇ ਰੱਖੇ ਗਏ। ਉਨ੍ਹਾਂ ਦਰਵਾਜ਼ਿਆਂ ਵਿਚੋਂ ਚਾਰ ਵਰਣਾਂ ਦੇ ਲੋਕ ਕਿਸੇ ਰੋਕ ਤੋਂ ਬਿਨਾਂ ਕਿਸੇ ਵੀ ਸਮੇਂ ਅੰਦਰ ਜਾ ਸਕਦੇ ਹਨ। ਹਰ ਦਰਵਾਜ਼ਾ ਦੋ ਦਿਸ਼ਾਵਾਂ ਦੇ ਵਿਚਾਲੇ ਖੁਲ੍ਹਦਾ ਹੈ ਜਿ.ਸ ਨਾਲ ਦਿਸ਼ਾਵਾਂ ਦੇ ਭੇਦ ਖ਼ਤਮ ਹੋ ਗਏ। ਉਨ੍ਹਾਂ ਦਿਨਾਂ ਵਿਚ ਹਿੰਦੂ ਚੜ੍ਹਦੇ ਸੂਰਜ ਨੂੰ ਸਿਜਦਾ ਕਰਦੇ ਸਨ ਅਤੇ ਮੁਸਲਮਾਨ ਛਿਪਦੇ ਪਾਸੇ, ਮੱਕੇ ਵਲ ਮੂੰਹ ਕਰ ਕੇ ਨਮਾਜ਼ ਗੁਜ਼ਾਰਦੇ ਸਨ, ਜਿਵੇਂ ਅੱਜ ਕੱਲ੍ਹ ਵੀ ਕਰਦੇ ਹਨ। ਬਾਹਰ ਤੋਂ ਅੰਦਰ ਜਾਣ ਲੱਗੇ ਪੌੜੀਆਂ ਉਤਰ ਕੇ ਜਾਣਾ ਪੈਂਦਾ ਹੈ, ਜਿਸ ਦਾ ਭਾਵ ਹੈ ਕਿ ਮਨ ਦਾ ਹੰਕਾਰ ਦੂਰ ਕਰ ਕੇ ਹੀ ਉਸ ਮਾਲਕ ਦੇ ਦਰਸ਼ਨ ਹੁੰਦੇ ਹਨ।

ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਆਪਣੀ ਦੇਖ-ਭਾਲ ਅੰਦਰ ਕਰਵਾਈ। ਸਾਰਾ ਦਿਨ ਆਪ ਇਲਾਇਚੀ ਬੇਰੀ ਹੇਠਾਂ ਬੈਠ ਕੇ ਕੰਮ-ਕਾਰ ਹੁੰਦਾ ਦੇਖਦੇ। ਆਪ ਨੂੰ ਕੋਈ ਕੰਮ ਗ਼ਲਤ ਹੁੰਦਾ ਨਜ਼ਰ ਆਉਂਦਾ, ਤੁਰੰਤ ਉਸ ਨੂੰ ਠੀਕ ਕਰਵਾਉਂਦੇ ਕਿਉਂਕਿ ਇਹ ਹਰਿਮੰਦਰ ਦੀ ਉਸਾਰੀ ਹੋ ਰਹੀ ਸੀ, ਕਿਸੇ ਘਰ ਦੀ ਨਹੀਂ। ਗੁਰੂ ਅਰਜਨ ਦੇਵ ਜੀ ਨੇ ਆਪਣੀ ਮਨਸ਼ਾ ਅਨੁਸਾਰ ਤਿੰਨ ਸਾਲਾਂ ਵਿਚ ਇਹ ਹਰਿਮੰਦਰ ਪੂਰਾ ਕਰਵਾਇਆ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਸਮੇਂ ਹਰਿਮੰਦਰ ਦੀ ਸਜਾਵਟ ਲਈ ਸੋਨੇ ਦੀ ਸੇਵਾ ਕੀਤੀ, ਜਿਸ ਕਾਰਨ ਹਰਿਮੰਦਰ ਸਾਹਿਬ ਹੁਣ ਗੋਲਡਨ ਟੈਂਪਲ ਦੇ ਨਾਂ ਨਾਲ ਪ੍ਰਸਿੱਧ ਹੈ।

ਹਰਿਮੰਦਰ ਸਾਹਿਬ ਦੀ ਸਾਜਨਾ



Construction of Harmandir

Construction of Harmandir Sahib


There was a large number of temples at the time of Guru Arjan Dev, where hymns in the praise of God could be sung and views exchanged about God and His Nature. Literally the word 'mandir' means, the mountain which was used by gods to churn the sea while preparing nectar or a place, where one while sitting can enjoy the bliss of heaven. The mountain or the heaven are both the instruments of worldly pleasures. Guru Arjan Dev thought of creating a temple of God. In that temple of God praises of that Lord be sung day and night. Any human being entering that Harmandir with devotion may vividly experience the Lord. He may feel spiritual bliss which is above the pleasures of the heaven.

For such type of temple, Guru Arjan Dev chose the city of Amritsar which was founded by Guru Ram Dass, to be the most suitable. That city, had the blessed pond where the husband of Rajni got rid of his leprosy. Guru Ram Dass had converted that pond into a regular pool and named it Amritsar, the pool of nectar. In that pool of nectar, Guru Arjan Dev got the foundation stone of Harmandir laid from the famous 'sufi' Saint, Mian Mir on the 3rd October, 1588. For this work, Guru Arjan Dev, himself went to Lahore to invite Saint Mian Mir.

Harmandir has four doors. From those four doors people of the four castes can enter without any objection at any time. Every door opens midway between two directions on account of which the differences of directions also vanished. As of today, in those days also Hindus would worship the rising Sun and the Muslims offered prayers facing West towards Mecca. Coming from outside, one has to descend stairs to enter which signifies that the ego of the mind has to be given up to behold the Lord.

Guru Arjan Dev personally supervised the construction of Harmandir Sahib. He would sit under the 'Ilaichi Ber' tree all day to see the work in progress. Whenever he saw any lapse he would, at once, get it set right because he was supervising the construction of Harmandir and not of a house. Guru Arjan Dev got this temple completed in three years in accordance with his wishes. Maharaja Ranjit Singh, during his reign presented gold for the beautification of the Harmandir due to which it is now famous as 'Golden Temple.

ਭਾਈ ਕਲਿਆਣਾ



Bhai Kalyana

ਭਾਈ ਕਲਿਆਣਾ

ਗੁਰੂ ਅਰਜਨ ਦੇਵ ਜੀ ਨੇ ਪਹਾੜੀ ਦੇਸ ਵਿਚ ਸਿੱਖੀ ਦੇ ਪ੍ਰਚਾਰ ਲਈ, ਭਾਈ ਕਲਿਆਣਾ ਜੀ ਨੂੰ ਮੰਡੀ ਰਿਆਸਤ ਵਿਚ ਭੇਜਿਆ। ਉਨ੍ਹਾਂ ਦਿਨਾਂ ਵਿਚ ਅੰਮ੍ਰਿਤਸਰ ਦੀ ਵਸੋਂ ਦਿਨੋ-ਦਿਨ ਵਧ ਰਹੀ ਸੀ। ਘਰਾਂ ਦੇ ਉਸਾਰਨ ਲਈ ਲੱਕੜੀ ਦੀ ਬਹੁਤ ਜ਼ਰੂਰਤ ਸੀ। ਭਾਈ ਕਲਿਆਣਾ ਜੀ ਦੀ ਇਹ ਵੀ ਜ਼ਿੰਮੇਵਾਰੀ ਲਗਾਈ ਕਿ ਉਹ ਲੱਕੜੀ ਦਾ ਪ੍ਰਬੰਧ ਕਰ ਕੇ ਅੰਮ੍ਰਿਤਸਰ ਦੀ ਲੋੜ ਪੂਰੀ ਕਰਦੇ ਰਹਿਣ।

ਭਾਈ ਕਲਿਆਣਾ ਜੀ ਨੇ ਮੰਡੀ ਪੁੱਜ ਕੇ ਇਕ ਸਰਾਂ ਵਿਚ ਡੇਰਾ ਕਰ ਲਿਆ। ਉਨ੍ਹਾਂ ਸ਼ਾਮ ਨੂੰ ਇਕ ਡੌਂਡੀ ਪਿੱਟਣ ਵਾਲੇ ਨੂੰ ਕਹਿੰਦੇ ਸੁਣਿਆ, "ਕੱਲ੍ਹ ਨੂੰ ਜਨਮ ਅਸ਼ਟਮੀ (ਕ੍ਰਿਸ਼ਨ ਜੀ ਦਾ ਜਨਮਦਿਨ) ਹੈ। ਹਰ ਇਕ ਨੂੰ ਰਾਜੇ ਵਲੋਂ ਹੁਕਮ ਹੈ ਕਿ ਜਨਮ ਅਸ਼ਟਮੀ ਦਾ ਵਰਤ ਰੱਖੇ। ਜਿਹੜਾ ਹੁਕਮ ਦੀ ਉਲੰਘਣਾ ਕਰੇਗਾ ਉਸ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ।" ਭਾਈ ਕਲਿਆਣਾ ਜੀ ਨੇ ਡੌਂਡੀ ਪਿੱਟਣ ਵਾਲੇ ਦੀ ਗੱਲ ਸੁਣ ਲਈ ਅਤੇ ਸਮਝ ਲਈ, ਪਰ ਜਨਮ ਅਸ਼ਟਮੀ ਦਾ ਵਰਤ ਕੋਈ ਨਾ ਰੱਖਿਆ। ਉਸ ਨੇ ਆਮ ਦਿਨਾਂ ਦੀ ਤਰ੍ਹਾਂ ਭੋਜਨ ਕੀਤਾ।

ਰਾਜੇ ਦੇ ਆਦਮੀਆਂ ਨੂੰ ਜਦੋਂ ਪਤਾ ਲੱਗਾ ਕਿ ਭਾਈ ਕਲਿਆਣਾ ਜੀ ਨੇ ਵਰਤ ਨਹੀਂ ਰੱਖਿਆ ਤਾਂ ਉਨ੍ਹਾਂ ਭਾਈ ਕਲਿਆਣਾ ਜੀ ਦੀਆਂ ਮੁਸ਼ਕਾਂ ਬੰਨ੍ਹੀਆਂ ਅਤੇ ਰਾਜੇ ਦੇ ਅੱਗੇ ਪੇਸ਼ ਕਰ ਦਿੱਤਾ। ਰਾਜੇ ਨੇ ਭਾਈ ਕਲਿਆਣਾ ਜੀ ਨੂੰ ਪੁੱਛਿਆ, "ਤੂੰ ਮੇਰਾ ਹੁਕਮ ਕਿਉਂ ਨਹੀਂ ਮੰਨਿਆ ? ਜਨਮ ਅਸ਼ਟਮੀ ਦਾ ਵਰਤ ਕਿਉਂ ਨਹੀਂ ਰੱਖਿਆ ?" ਭਾਈ ਕਲਿਆਣਾ ਜੀ ਨੇ ਉੱਤਰ ਦਿੱਤਾ, "ਹੇ ਰਾਜਨ! ਹੁਕਮ ਮੈਂ ਆਪਣੇ ਗੁਰੂ ਦਾ ਮੰਨਦਾ ਹਾਂ। ਮੇਰੇ ਗੁਰੂ ਨੇ ਕਿਹਾ ਹੈ ਕਿ ਸਾਰੇ ਦਿਨ ਬਰਾਬਰ ਹਨ। ਇਕ ਦਿਨ ਵਰਤ ਰੱਖਣ ਨਾਲ ਪ੍ਰਮਾਤਮਾ ਜਾਂ ਠਾਕਰ ਖ਼ੁਸ਼ ਨਹੀਂ ਹੁੰਦਾ ਅਤੇ ਨਾ ਹੀ ਭੁੱਖੇ ਰਹਿਣ ਨਾਲ ਕੋਈ ਗ੍ਰਹਿ ਦੂਰ ਹੁੰਦਾ ਹੈ। ਸ਼ਾਂਤੀ ਲਈ ਜਾਂ ਗ੍ਰਹਿ ਦੂਰ ਕਰਨ ਲਈ ਉਸ ਠਾਕਰ ਦਾ ਧਿਆਨ ਰੱਖਣਾ ਜ਼ਰੂਰੀ ਹੈ ਜਿਹੜਾ ਹਰ ਇਕ ਦੇ ਅੰਦਰ ਵੱਸਦਾ ਹੈ। ਜੇ ਅੰਦਰ ਦੇ ਠਾਕਰ ਨੂੰ ਜਾਣ-ਬੁੱਝ ਕੇ ਭੁੱਖਾ ਰੱਖਿਆ ਜਾਵੇ ਤਾਂ ਸ਼ਾਂਤੀ ਕਿਵੇਂ ਪ੍ਰਾਪਤ ਹੋ ਸਕਦੀ ਹੈ।" ਰਾਜੇ ਨੂੰ ਭਾਈ ਕਲਿਆਣਾ ਜੀ ਦੇ ਕਹਿਣ ਦੀ ਸਮਝ ਨਾ ਪਈ। ਉਸ ਨੇ ਹੁਕਮ ਕਰ ਦਿੱਤਾ, "ਭਾਈ ਕਲਿਆਣਾ ਜੀ ਦੀਆਂ ਲੱਤਾਂ ਕੱਟ ਦਿੱਤੀਆਂ ਜਾਣ।"

ਪ੍ਰਮਾਤਮਾ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਭਾਈ ਕਲਿਆਣਾ ਜੀ ਨੂੰ ਇਹ ਸਖ਼ਤ ਸਜ਼ਾ ਮਿਲੇ। ਹੁਕਮ ਸੁਣਾਉਣ ਪਿਛੋਂ ਰਾਜੇ ਨੂੰ ਗਸ਼ ਪੈ ਗਈ ਅਤੇ ਉਹ ਡਿੱਗ ਪਿਆ। ਰਾਜੇ ਦੇ ਹਕੀਮਾਂ ਕਈ ਦਵਾਈਆਂ ਦਿੱਤੀਆਂ ਪਰ ਕਿਸੇ ਦਾ ਅਸਰ ਨਾ ਹੋਇਆ। ਰਾਜੇ ਨੂੰ ਸੁਰਤ ਨਾ ਆਈ। ਜਦੋਂ ਕੋਈ ਹੋਰ ਚਾਰਾ ਨਜ਼ਰ ਨਾ ਆਇਆ ਤਾਂ ਰਾਜੇ ਦੇ ਦਰਬਾਰੀਆਂ ਆਪਸ ਵਿਚ ਸਲਾਹ ਕਰ ਕੇ ਭਾਈ ਕਲਿਆਣਾ ਜੀ ਦੀਆਂ ਮੁਸ਼ਕਾਂ ਖੋਲ੍ਹ ਦਿੱਤੀਆਂ ਅਤੇ ਬੇਨਤੀ ਕੀਤੀ ਕਿ ਉਹ ਪ੍ਰਮਾਤਮਾ ਅੱਗੇ ਅਰਦਾਸ ਕਰਨ ਤਾਂ ਜੋ ਉਨ੍ਹਾਂ ਦੇ ਰਾਜੇ ਨੂੰ ਸੁਰਤ ਆ ਜਾਵੇ। ਭਾਈ ਕਲਿਆਣਾ ਜੀ ਨੇ ਦੋਵੇਂ ਹੱਥ ਜੋੜ ਅਰਦਾਸ ਕੀਤੀ। ਉਹ ਅਰਦਾਸ ਪ੍ਰਮਾਤਮਾ ਦੇ ਦਰ ਉੱਪਰ ਪ੍ਰਵਾਨ ਹੋ ਗਈ। ਰਾਜੇ ਨੂੰ ਹੋਸ਼ ਆ ਗਈ। ਰਾਜੇ ਨੇ ਦਰਬਾਰੀਆਂ ਦੇ ਦੱਸਣ ਉੱਪਰ ਭਾਈ ਕਲਿਆਣਾ ਜੀ ਪਾਸੋਂ ਮੁਆਫ਼ੀ ਮੰਗੀ ਅਤੇ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਲਈ ਭਾਈ ਕਲਿਆਣਾ ਜੀ ਪਾਸ ਬੇਨਤੀ ਕੀਤੀ। ਭਾਈ ਕਲਿਆਣਾ ਜੀ ਨੇ ਕਿਹਾ, "ਤੁਸੀਂ ਅੰਮ੍ਰਿਤਸਰ ਜਾ ਕੇ ਮੇਰੇ ਗੁਰੂ ਦੇ ਦਰਸ਼ਨ ਕਰ ਸਕਦੇ ਹੋ। ਮੈਂ ਤੁਹਾਡੇ ਨਾਲ ਨਹੀਂ ਜਾ ਸਕਦਾ ਕਿਉਂਕਿ ਮੈਨੂੰ ਗੁਰੂ ਵਲੋਂ ਮੰਡੀ ਰਹਿਣ ਦਾ ਹੁਕਮ ਹੈ।"

Bhai Kalyana

Guru Arjan Dev sent Bhai Kalyana to Mandi state for propagation of Sikh thought. The population of Amritsar was increasing day-by-day during that period. Timber was in great demand for the construction of houses. Bhai Kalyana was also entrusted with the work of procurement of timber for the requirements of Amritsar.

On reaching Mandi, Bhai Kalyana stayed at an inn. In the evening, he heard a drummer announce, "Tomorrow is Janam Ashtami (birthday of Krishna). These are the orders of the Raja that everyone should observe fast of Janam Ashtami. Whosoever disobeys the orders will be severely punished." Bhai Kalyana heard and understood what the trumpeter had said but did not observe the fast. He took his meals as on other days.

When the Raja's men came to know that Bhai Kalyana had not observed the fast, they tied up his hands and presented him before the Raja. The Raja asked Bhai Kalyana, "Why did you disobey me ? Why did you not observe the fast ?" Bhai Kalyana replied, "O King ! I obey orders of my Guru. My Guru has said that all days are equal. By observing fast on one day neither God nor the gods are pleased nor can you ward off any ill effect of any planet. For attaining peace or warding off bad planetary influences it is essential to please that God who abides in everybody. If the God abiding inside is knowingly kept hungry, how can peace be attained." The Raja did not understand what Bhai Kalyana had said. He passed an order to sever the legs of Bhai Kalyana.

God did not wish that Bhai Kalyana may undergo such a harsh punishment. After the pronouncement of the order, the Raja suffered a fit and fell down. The Raja's physicians administered many remedies but none had any effect. The Raja did not regain consciousness. Finding no other way, the Raja's courtiers held consultations among themselves, untied Bhai Kalyana's hands and requested him to pray to God so that their Raja may regain consciousness. Bhai Kalyana offered prayer with folded hands. That prayer was accepted at the door of the Lord. The Raja regained consciousness. The Raja, on being told everything by his courtiers, asked forgiveness of Bhai Kalyana and requested him for an audience with Guru Arjan Dev. Bhai Kalyana said, "O Raja ! you can go to Amritsar for an audience with my Guru. I cannot accompany you as I am ordered by my Guru to stay at Mandi."

ਸਾਧ ਸੰਗਤ ਦਾ ਫਲ

ਭਾਈ ਕਲਿਆਣਾ ਜੀ ਦੇ ਦੱਸਣ ਅਨੁਸਾਰ ਮੰਡੀ ਰਿਆਸਤ ਦਾ ਰਾਜਾ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਲਈ ਅੰਮ੍ਰਿਤਸਰ ਪੁੱਜਿਆ। ਜਦੋਂ ਉਹ ਸਵੇਰ ਦੇ ਦੀਵਾਨ ਵਿਚ ਹਾਜ਼ਰ ਹੋਇਆ, ਉਸ ਸਮੇਂ ਕੀਰਤਨੀਏਂ ਸ਼ਬਦ ਪੜ੍ਹ ਰਹੇ ਸਨ, "ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥" ਰਾਜੇ ਨੇ ਸ਼ਬਦ ਸੁਣਿਆ ਤਾਂ ਉਸ ਦੇ ਮਨ ਵਿਚ ਸ਼ੰਕਾ ਪੈਦਾ ਹੋ ਗਿਆ, "ਜੇ ਲੇਖ ਮਿਟ ਨਹੀਂ ਸਕਦੇ ਤਾਂ ਫਿਰ ਗੁਰੂ ਦੀ ਸੰਗਤ ਕਰਨ ਦਾ ਕੀ ਲਾਭ ?" ਆਪਣੇ ਮਨ ਦਾ ਸ਼ੱਕ ਦੂਰ ਕਰਨ ਲਈ ਰਾਜੇ ਨੇ ਦੀਵਾਨ ਦੀ ਸਮਾਪਤੀ ਪਿੱਛੋਂ ਗੁਰੂ ਅਰਜਨ ਦੇਵ ਜੀ ਪਾਸ ਬੇਨਤੀ ਕੀਤੀ ਕਿ ਮੇਰੇ ਮਨ ਦਾ ਇਹ ਭਰਮ ਦੂਰ ਕੀਤਾ ਜਾਵੇ। ਗੁਰੂ ਅਰਜਨ ਦੇਵ ਜੀ ਨੇ ਰਾਜੇ ਨੂੰ ਕਿਹਾ, "ਤੁਸੀਂ ਕੁਝ ਦਿਨ ਸਾਡੇ ਪਾਸ ਰੁਕੋ ਅਤੇ ਆਪ ਦਾ ਇਹ ਭਰਮ ਦੂਰ ਹੋ ਜਾਵੇਗਾ।" ਰਾਜਾ ਹੁਕਮ ਮੰਨ ਕੇ ਅੰਮ੍ਰਿਤਸਰ ਗੁਰੂ ਘਰ ਵਿਚ ਰੁਕ ਗਿਆ।

ਰਾਜੇ ਨੂੰ, ਰਾਤ ਸੁੱਤੇ ਪਏ ਨੂੰ ਸੁਪਨਾ ਆਇਆ, ਜਿਸ ਵਿਚ ਉਸਨੇ ਦੇਖਿਆ ਕਿ ਉਸ ਦੀ ਮੌਤ ਹੋ ਗਈ ਸੀ ਅਤੇ ਉਸ ਦਾ ਦੂਜਾ ਜਨਮ ਚੰਡਾਲਾਂ ਦੇ ਘਰ ਹੋ ਗਿਆ। ਉਹ ਵੱਡਾ ਹੋ ਕੇ ਚੰਡਾਲਾਂ ਵਾਲੇ ਕੰਮ-ਕਾਰ ਕਰਨ ਲਗ ਪਿਆ। ਉਸ ਦਾ ਵਿਆਹ ਹੋ ਗਿਆ। ਉਸ ਦੇ ਬੱਚੇ ਹੋ ਗਏ। ਇਕ ਦਿਨ ਉਹ ਇਕ ਦਰੱਖ਼ਤ ਉੱਪਰੋਂ ਲੱਕੜੀਆਂ ਕੱਟ ਰਿਹਾ ਸੀ। ਦਰੱਖ਼ਤ ਦਾ ਟਾਹਣਾ ਟੁੱਟ ਗਿਆ ਅਤੇ ਉਹ ਜ਼ਮੀਨ ਉੱਪਰ ਆ ਡਿੱਗਾ। ਉਸ ਦੇ ਸਿਰ ਵਿਚ ਸੱਟ ਲੱਗੀ ਜਿਸ ਨਾਲ ਉਸ ਦੀ ਮੌਤ ਹੋ ਗਈ। ਇਸ ਪਿੱਛੋਂ ਉਸ ਦੀ ਨੀਂਦ ਖੁੱਲ੍ਹ ਗਈ।

ਜਾਗ ਆਉਣ ਉਪਰੰਤ ਰਾਜਾ ਤਿਆਰ ਹੋ ਕੇ ਸਵੇਰ ਦੇ ਦੀਵਾਨ ਵਿਚ ਹਾਜ਼ਰ ਹੋ ਗਿਆ। ਤੀਜੇ ਪਹਿਰ ਰਾਜਾ ਆਪਣੇ ਸਾਥੀਆਂ ਨਾਲ ਘੋੜੇ ਉੱਪਰ ਸਵਾਰ ਹੋ ਕੇ ਸ਼ਿਕਾਰ ਲਈ ਚਲਿਆ ਗਿਆ। ਰਾਜਾ ਸ਼ਿਕਾਰ ਮਗਰ ਜਾਂਦਾ ਜਾਂਦਾ ਆਪਣੇ ਸਾਥੀਆਂ ਤੋਂ ਦੂਰ ਨਿਕਲ ਗਿਆ। ਰਸਤੇ ਵਿਚ ਉਸ ਨੂੰ ਉਹ ਪਿੰਡ ਨਜ਼ਰ ਆਇਆ ਜਿਹੜਾ ਉਸ ਨੇ ਸੁਪਨੇ ਵਿਚ ਦੇਖਿਆ ਸੀ ਅਤੇ ਉਹ ਦਰੱਖ਼ਤ ਵੀ ਨਜ਼ਰ ਆ ਗਿਆ ਜਿਸ ਉੱਪਰੋਂ ਡਿੱਗ ਕੇ ਉਸ ਦੀ ਮੌਤ ਹੋਈ ਸੀ। ਰਾਜਾ ਬੜਾ ਹੈਰਾਨ ਹੋਇਆ। ਉਸ ਨੂੰ ਸਮਝ ਨਹੀਂ ਸੀ ਪੈ ਰਹੀ ਕਿ ਸੱਚ ਕੀ ਸੀ।

ਰਾਜਾ ਪਰੇਸ਼ਾਨੀ ਦੀ ਹਾਲਤ ਵਿਚ ਖੜ੍ਹਾ ਸੋਚ ਰਿਹਾ ਸੀ ਕਿ ਉਸ ਨੂੰ ਕੁਝ ਬੱਚਿਆਂ ਨੇ ਆ ਕੇ ਕਿਹਾ, "ਬਾਪੂ, ਤੂੰ ਤਾਂ ਦਰੱਖ਼ਤ ਤੋਂ ਡਿੱਗ ਕੇ ਮਰ ਗਿਆ ਸੀ ਅਤੇ ਹੁਣ ਤੂੰ ਜਿਊਂਦਾ ਕਿਵੇਂ ਹੋ ਗਿਆ ?" ਰਾਜੇ ਨੇ ਦੱਸਿਆ, "ਮੈਂ ਮੰਡੀ ਦਾ ਰਾਜਾ ਹਾਂ ਅਤੇ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਲਈ ਆਇਆ ਹਾਂ।" ਰਾਜੇ ਦੇ ਕਹਿਣ ਦਾ ਉਨ੍ਹਾਂ ਨੂੰ ਯਕੀਨ ਨਾ ਆਇਆ। ਤਦ ਤਕ ਗੁਰੂ ਅਰਜਨ ਦੇਵ ਜੀ ਵੀ ਉੱਥੇ ਪੁਜ ਗਏ। ਉਨ੍ਹਾਂ ਨੇ ਬੱਚਿਆਂ ਨੂੰ ਸਮਝਾਇਆ, "ਤੁਸੀਂ ਰਾਜੇ ਦੀ ਸ਼ਕਲ ਆਪਣੇ ਪਿਤਾ ਵਰਗੀ ਦੇਖ ਕੇ ਭੁਲੇਖਾ ਖਾ ਗਏ ਹੋ। ਇਹ ਮੰਡੀ ਦਾ ਰਾਜਾ ਹਰੀ ਸੈਨ ਹੈ।" ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੇ ਦੱਸਣ ਨਾਲ ਬੱਚਿਆਂ ਨੂੰ ਯਕੀਨ ਆ ਗਿਆ ਅਤੇ ਉਹ ਛੱਡ ਕੇ ਚਲੇ ਗਏ। ਰਾਜੇ ਨੂੰ ਗਿਆਨ ਹੋ ਗਿਆ ਅਤੇ ਉਸ ਦਾ ਸ਼ੱਕ ਦੂਰ ਹੋ ਗਿਆ ਕਿ ਲੇਖ ਮਿਟਦੇ ਨਹੀਂ ਪਰ ਕੀਤੇ ਕਰਮਾਂ ਦਾ ਫਲ ਜਿਹੜਾ ਜਨਮ ਲੈ ਕੇ ਭੁਗਤਣਾ ਹੋਵੇ, ਉਹ ਸਾਧ ਸੰਗਤ ਕਰਨ ਨਾਲ ਇਕ ਸੁਪਨੇ ਵਿਚ ਵੀ ਪੂਰਾ ਹੋ ਸਕਦਾ ਹੈ।

ਸਾਧ ਸੰਗਤ ਦਾ ਫਲ
The Reward of Noble Congregation



The Reward of Noble Congregation


As advised by Bhai Kalyana, the Raja of Mandi went to Amritsar for an audience with Guru Arjan Dev. He presented himself at the morning congregation. At that time the musicians were on the hymn, "O friend ! The fate written by the Lord cannot be erased." The Raja heard the hymn and a doubt arose in his mind, "If the fate cannot be altered, then what is the use of going to the congregation of the Guru ?" After the conclusion of the congregation, the Raja requested Guru Arjan Dev to clear his doubt. Guru Arjan Dev said to him, "Please stay with us for a few days and your doubt will be cleared." Obeying Guru Arjan Dev, the Raja stayed at Amritsar at the Guru's institution.

The Raja had a dream while sleeping at night in which he saw, "He was dead and was reborn in the family of an out-caste, growing up; he began to do the work of the lowly. He was married. He had children. One day he was cutting wood on a tree. The branch of the tree broke and he fell to the ground and got injured in the head. Due to that injury he died. After this he woke up."

On waking up, the Raja got ready and presented himself in the morning congregation. In the afternoon, he mounted a horse and went hunting with his companions. Pursuing a quarry the Raja was seperated from his companions. During his chase, he reached the village,he had seen in his dream and also the tree from which he fell and died. The Raja was wonderstruck. He could not understand what was the truth.

The Raja stood thinking in a disturbed state of mind when some children came and said to him, "Father ! You had died after a fall from the tree. How is it that you are alive ?" Raja told them, "I am the Raja of Mandi and have come for an audience with Guru Arjan Dev." They did not believe what the Raja told them. By that time Guru Arjan Dev also reached there. He told the children, "You have been deceived by the looks of the Raja which resemble your father. This is Hari Sen, the Raja of Mandi." In this way the children were convinced by what Guru Arjan Dev said and they left them and went away. The Raja got enlightened and his doubt was cleared. The fate that is ordained cannot be erased but due to the company of holy men, the consequences of the previous deeds which one is to go through by taking birth can be carried out in a dream.

ਤਰਨ ਤਾਰਨ ਦੀ ਉਸਾਰੀ



Construction of Tarn Taran

ਤਰਨ ਤਾਰਨ ਦੀ ਉਸਾਰੀ

ਗੁਰੂ ਅਰਜਨ ਦੇਵ ਜੀ ਇਕ ਵਾਰੀ ਭੁੱਲੀ ਹੋਈ ਜਨਤਾ ਨੂੰ ਸਿੱਧਾ ਰਾਹ ਦਿਖਾਉਂਦੇ ਹੋਏ ਖ਼ਾਨਪੁਰ ਤੋਂ ਖਾਰਾ ਪਿੰਡ ਪੁੱਜੇ। ਉਸ ਥਾਂ ਦਾ ਨਜ਼ਾਰਾ ਉਨ੍ਹਾਂ ਨੂੰ ਬਹੁਤ ਸੋਹਣਾ ਲੱਗਿਆ। ਠੰਢੀ ਠੰਢੀ ਹਵਾ ਦੇ ਨਾਲ ਇਕ ਤਲਾਬ ਵੀ ਸੀ। ਉਨ੍ਹਾਂ ਨੇ ਉਸ ਥਾਂ ਇਕ ਨਗਰ ਵਸਾਉਣ ਦੀ ਸੋਚ ਲਈ। ਉਨ੍ਹਾਂ ਜ਼ਮੀਨ ਖ਼ਰੀਦ ਕੇ, ਬਾਬਾ ਬੁੱਢਾ ਜੀ ਪਾਸੋਂ ਅਰਦਾਸ ਕਰਵਾ ਕੇ 15 ਅਪ੍ਰੈਲ, 1590 ਈ. ਨੂੰ ਨਗਰ ਦੀ ਨੀਂਹ ਰੱਖ ਦਿੱਤੀ।

ਉਸ ਜ਼ਮੀਨ ਵਿਚ ਜਿਥੇ ਪਹਿਲਾਂ ਦਰੱਖ਼ਤਾਂ ਨੂੰ ਪਾਣੀ ਦੇਣ ਲਈ ਤਲਾਬ ਸੀ, ਉਸ ਥਾਂ ਗੁਰੂ ਅਰਜਨ ਦੇਵ ਜੀ ਨੇ ਇਕ ਵੱਡਾ ਸਰੋਵਰ ਬਣਵਾਉਣਾ ਸ਼ੁਰੂ ਕਰ ਦਿੱਤਾ। ਇਕ ਸਵੇਰ ਗੁਰੂ ਅਰਜਨ ਦੇਵ ਜੀ ਉਸ ਸਰੋਵਰ ਕੰਢੇ ਖੜ੍ਹੇ ਕੁਦਰਤ ਦਾ ਅਨੰਦ ਮਾਣ ਰਹੇ ਸਨ ਕਿ ਉਨ੍ਹਾਂ ਦੇ ਕੋਲ ਦੀ ਪੰਜ ਆਦਮੀ ਇਕ ਬੁੱਢੇ ਨੂੰ ਇਕ ਮੰਜੇ ਉੱਪਰ ਲਿਟਾਈ ਲੰਘਣ ਲਗੇ। ਉਹ ਬੁੱਢਾ ਬਹੁਤ ਰੌਲਾ ਪਾ ਰਿਹਾ ਸੀ। ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਪੁੱਛਿਆ, "ਇਸ ਬੁੱਢੇ ਨੂੰ ਕੀ ਹੋਇਆ ਹੈ ਜਿਹੜਾ ਇਹ ਇੰਨਾ ਰੌਲਾ ਪਾ ਰਿਹਾ ਹੈ ?" ਉਨ੍ਹਾਂ ਉੱਤਰ ਦਿੱਤਾ, "ਇਹ ਮੁਗਦਪੁਰ ਦਾ ਚੌਧਰੀ ਹੈ। ਕਈ ਸਾਲਾਂ ਤੋਂ ਇਹ ਕੋਹੜ ਦਾ ਬੀਮਾਰ ਹੈ। ਬਹੁਤ ਇਲਾਜ ਕਰਵਾਏ ਹਨ ਪਰ ਇਹ ਠੀਕ ਨਹੀਂ ਹੋਇਆ। ਬੀਮਾਰੀ ਨਾਲ ਬਹੁਤ ਤੰਗ ਹੈ। ਹੁਣ ਇਸ ਦੀ ਖ਼ਾਹਿਸ਼ ਅਨੁਸਾਰ ਅਸੀਂ ਇਸ ਨੂੰ ਬਿਆਸ ਦਰਿਆ ਵਿਚ ਜਲ-ਪ੍ਰਵਾਹ ਕਰਨ ਜਾ ਰਹੇ ਹਾਂ।" ਗੁਰੂ ਅਰਜਨ ਦੇਵ ਜੀ ਨੇ ਕਿਹਾ, "ਇਸ ਨੂੰ ਦਰਿਆ ਵਿਚ ਨਾ ਸੁੱਟਣ ਜਾਉ। ਇਸ ਨੂੰ ਇਸ ਸਰੋਵਰ ਵਿਚ ਇਸ਼ਨਾਨ ਕਰਵਾਉ, ਇਹ ਠੀਕ ਹੋ ਜਾਵੇਗਾ।"

ਗੁਰੂ ਜੀ ਦਾ ਹੁਕਮ ਮੰਨ ਕੇ ਉਨ੍ਹਾਂ ਮੰਜਾ ਤਰਨ ਤਾਰਨ ਦੇ ਸਰੋਵਰ ਪਾਸ ਹੀ ਰੱਖ ਦਿੱਤਾ। ਕੁਝ ਦਿਨਾਂ ਵਿਚ ਹੀ ਮੁਗਦਪੁਰ ਦਾ ਉਹ ਚੌਧਰੀ ਸਵੇਰੇ ਸ਼ਾਮ ਦਾ ਕੀਰਤਨ ਸੁਣਨ, ਅਤੇ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਠੀਕ ਹੋ ਗਿਆ।

ਗੁਰੂ ਅਰਜਨ ਦੇਵ ਜੀ ਨੇ ਉਸ ਸਰੋਵਰ ਦੇ ਨਾਲ ਇਕ ਕੋਹੜੀ ਘਰ ਦੀ ਵੀ ਉਸਾਰੀ ਸ਼ੁਰੂ ਕਰਾ ਦਿੱਤੀ। ਇਨ੍ਹਾਂ ਕਾਰਜਾਂ ਲਈ ਪੱਕੀਆਂ ਇੱਟਾਂ ਦੀ ਬਹੁਤ ਲੋੜ ਸੀ। ਉਸ ਜ਼ਰੂਰਤ ਨੂੰ ਪੂਰਾ ਕਰਨ ਲਈ, ਉਨ੍ਹਾਂ, ਖ਼ਾਸ ਇਨ੍ਹਾਂ ਕੰਮਾਂ ਲਈ ਇੱਟਾਂ ਪਕਾਉਣ ਦੇ ਆਵੇ ਲਗਵਾਏ। ਉਨ੍ਹਾਂ ਦਿਨਾਂ ਵਿਚ ਅਮਾਨਤ ਖ਼ਾਂ ਆਪਣੇ ਪਿਤਾ ਦੀ ਯਾਦ ਵਿਚ ਨੂਰਦੀਨ ਦੀ ਸਰਾਂ ਬਣਵਾ ਰਿਹਾ ਸੀ। ਉਸ ਨੂੰ ਜਦੋਂ ਪਤਾ ਲੱਗਾ ਕਿ ਤਰਨ ਤਾਰਨ ਦੇ ਸਰੋਵਰ ਲਈ ਜਿਹੜੀਆਂ ਇੱਟਾਂ ਪਕਾਈਆਂ ਜਾ ਰਹੀਆਂ ਹਨ, ਬਹੁਤ ਚੰਗੀਆਂ ਹਨ ਤਾਂ ਉਹ ਜ਼ਬਰਦਸਤੀ ਉਨ੍ਹਾਂ ਆਵਿਆਂ ਤੋਂ ਇੱਟਾਂ, ਨੂਰਦੀਨ ਦੀ ਸਰਾਂ ਲਈ ਉਠਵਾ ਕੇ ਲੈ ਗਿਆ। ਜਿਸ ਨਾਲ ਤਰਨ ਤਾਰਨ ਦੇ ਸਰੋਵਰ ਦੀ ਪਕਾਈ ਦਾ ਕੰਮ ਰੁਕ ਗਿਆ। ਗੁਰੂ ਅਰਜਨ ਦੇਵ ਜੀ ਨੂੰ ਜਦੋਂ ਸਿੱਖਾਂ ਦੱਸਿਆ ਤਾਂ ਉਹਨਾਂ ਬਚਨ ਕੀਤਾ, "ਸਾਡੇ ਵੀ ਸਿੱਖ ਹੋਣਗੇ, ਜਿਹੜੇ, ਜਿਵੇਂ ਅਮਾਨਤ ਖ਼ਾਨ ਜਬਰੀ ਆਵਿਆਂ ਤੋਂ ਇੱਟਾਂ ਲੈ ਗਿਆ ਹੈ, ਉਸੇ ਤਰ੍ਹਾਂ ਉਹ ਇਨ੍ਹਾਂ ਇੱਟਾਂ ਸਮੇਤ ਨੂਰਦੀਨ ਦੀ ਸਰਾਂ ਦੀਆਂ ਨੀਹਾਂ ਵੀ ਉਖਾੜ ਕੇ ਲੈ ਆਉਣਗੇ।" 1766 ਈ. ਵਿਚ ਸਰਦਾਰ ਬੁੱਧ ਸਿੰਘ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਉਸ ਨੂਰਦੀਨ ਦੀ ਸਰਾਂ ਦੀਆਂ ਨੀਹਾਂ ਪੁੱਟ ਕੇ ਸਾਰੀਆਂ ਇੱਟਾਂ ਤਰਨ ਤਾਰਨ ਲਿਆਂਦੀਆਂ ਅਤੇ ਉਹੋ ਇੱਟਾਂ ਤਰਨ ਤਾਰਨ ਦੇ ਸਰੋਵਰ ਦੀ ਪਰਕਰਮਾ ਨੂੰ ਲਗਾ ਕੇ ਗੁਰੂ ਅਰਜਨ ਦੇਵ ਜੀ ਦੇ ਵਾਕ ਨੂੰ ਪੂਰਾ ਕੀਤਾ।

Construction of Tarn Taran

On his mission of showing the right path to the misguided public, Guru Arjan Dev once reached village Khara from Khanpur. He was fascinated by the scenery of that place. Cool breeze and a pool were enhancing the charm. He thought of building a city at that place. He bought the land. Baba Budha performed the prayer and Guru Arjan Dev himself laid the foundation stone of the city on 15th of April, 1590 A.D.

In that land, where there was a pool to water the trees, Guru Arjan Dev started construction of a big pool. One morning Guru Arjan Dev stood by that pool enjoying nature. Five men were passing by him carrying an old man on a bed. That old man was raising great hue and cry. Guru Arjan Dev asked them, "What has happened to this old man that he is shouting like this ?" They replied, "He is the headman of village Mugadpur. He is suffering from leprosy since many years. He has been given all sorts of treatments but to no avail. He is suffering greatly due to this disease. Now as per his wish, we are taking him to be thrown into the river Beas." Guru Arjan Dev said, "Do not take him to throw into the river. Bathe him in this pool. He will get well." Obeying the command of the Guru, they placed the bed near the pool of Tarn Taran. In a matter of days, that headman of Mugadpur got well by listening to the morning and evening recital and bathing in the pool.

Guru Arjan Dev also started to construct a leper's home near the pool. A large quantity of bricks was required for this purpose. To fulfil that demand he got kilns laid to bake bricks for this particular purpose. In those days Amanat Khan was getting Noordin inn constructed in the memory of his father. When he came to know that the bricks being baked for the construction of pool of Tarn Taran were very good, he forcibly took away those bricks from the kilns for the construction of Noordin inn. This resulted in stoppage of work of lining of pool of Tarn Taran. When the Sikhs told Guru Arjan Dev about it, he said, "There will be my Sikhs who will uproot and bring even the foundations of Noordin inn in the way Amanat Khan has taken bricks from the kilns." In 1766, Sardar Budh Singh and Sardar Jassa Singh Ramgarhia dismantled the foundations of Noordin inn and brought the bricks to Tarn Taran and fulfilled the words of Guru Arjan Dev by paving the surroundings of the pool.

ਸੇਵਾ ਦਾ ਢੰਗ


ਗੁਰੂ ਅਰਜਨ ਦੇਵ ਜੀ ਦਾ ਅਨੰਦ ਕਾਰਜ ਗਿਆਰਾਂ ਸਾਲ ਦੀ ਉਮਰ ਵਿਚ ਮਾਤਾ ਗੰਗਾ ਦੇਵੀ ਨਾਲ ਹੋਇਆ। ਬਹੁਤ ਸਮਾਂ ਬੀਤ ਗਿਆ, ਉਨ੍ਹਾਂ ਦੇ ਕੋਈ ਸੰਤਾਨ ਨਾ ਹੋਈ। ਇਕ ਦਿਨ ਮਾਤਾ ਗੰਗਾ ਦੇਵੀ ਜੀ ਨੇ ਗੁਰੂ ਅਰਜਨ ਦੇਵ ਜੀ ਪਾਸ ਬੇਨਤੀ ਕੀਤੀ, "ਆਪ ਸੰਗਤਾਂ ਨੂੰ ਧਨ-ਪਦਾਰਥ ਅਤੇ ਪੁੱਤਰਾਂ ਦੀਆਂ ਦਾਤਾਂ ਬਖ਼ਸ਼ਦੇ ਹੋ, ਮੇਰੇ ਉੱਪਰ ਵੀ ਕ੍ਰਿਪਾ ਕਰੋ ਅਤੇ ਮੈਨੂੰ ਇਕ ਪੁੱਤਰ ਦੀ ਦਾਤ ਬਖ਼ਸ਼ੋ।" ਗੁਰੂ ਅਰਜਨ ਦੇਵ ਜੀ ਨੇ ਉੱਤਰ ਦਿੱਤਾ, "ਗੁਰੂ ਨਾਨਕ ਦੇ ਘਰ ਵਿਚ ਕਿਸੇ ਪਦਾਰਥ ਦਾ ਘਾਟਾ ਨਹੀਂ। ਤੁਸੀਂ ਕਿਸੇ ਕਰਨੀ ਵਾਲੇ ਸਿੱਖ ਪਾਸੋਂ ਪੁੱਤਰ ਦੀ ਦਾਤ ਦੀ ਅਸੀਸ ਲੈ ਲਵੋ। ਪ੍ਰਮਾਤਮਾ ਆਪ ਨੂੰ ਪੁੱਤਰ ਦੇ ਦੇਵੇਗਾ।"

ਦੂਜੇ ਦਿਨ ਮਾਤਾ ਗੰਗਾ ਦੇਵੀ ਜੀ ਆਪਣੇ ਨਾਲ ਕੁਝ ਟਹਿਲਣਾਂ ਨੂੰ ਤਿਆਰ ਕਰ ਕੇ, ਰਥ ਉੱਪਰ ਅਸਵਾਰ ਹੋ ਕੇ ਬਾਬਾ ਬੁੱਢਾ ਜੀ ਦੀ ਬੀੜ ਵੱਲ ਵਰ ਲੈਣ ਲਈ ਚੱਲ ਪਏ। ਬੀੜ ਵਿਚ ਖੇਤੀ ਦਾ ਕੰਮ ਕਰਵਾ ਰਹੇ ਬਾਬਾ ਬੁੱਢਾ ਜੀ ਨੇ ਦੂਰ ਤੋਂ ਹੀ ਧੂੜ ਉੱਡਦੀ ਦੇਖ ਕੇ ਕਾਮਿਆਂ ਨੂੰ ਪੁੱਛਿਆ, "ਸਵੇਰੇ ਸਵੇਰੇ ਉਸ ਪਾਸੇ ਧੂੜ ਕਿਉਂ ਉੱਡ ਰਹੀ ਹੈ ? ਇਧਰ ਕੌਣ ਆ ਰਿਹਾ ਹੈ ?" ਕਾਮਿਆਂ ਨੇ ਉੱਤਰ ਦਿੱਤਾ, "ਆਪ ਨੂੰ ਮਾਤਾ ਗੰਗਾ ਦੇਵੀ ਜੀ ਆਪਣੀਆਂ ਟਹਿਲਣਾਂ ਸਮੇਤ ਮਿਲਣ ਆ ਰਹੇ ਹਨ।" ਬਾਬਾ ਬੁੱਢਾ ਜੀ ਨੇ ਸਹਿਜ ਸੁਭਾਅ ਹੀ ਕਹਿ ਦਿੱਤਾ, "ਉਨ੍ਹਾਂ ਨੂੰ ਕਿਹੜੀ ਭੀੜ ਬਣ ਗਈ ਹੈ ਜਿਹੜਾ ਉਨ੍ਹਾਂ ਨੂੰ ਸਵੇਰੇ ਸਵੇਰੇ ਇਧਰ ਆਉਣਾ ਪਿਆ।" ਮਾਤਾ ਗੰਗਾ ਦੇਵੀ ਜੀ ਵਰ ਲੈਣ ਦੀ ਥਾਂ ਸਰਾਪ ਲੈ ਕੇ ਵਾਪਸ ਪਰਤ ਗਏ। ਗੁਰੂ ਅਰਜਨ ਦੇਵ ਜੀ ਨੂੰ ਜਦੋਂ ਮਾਤਾ ਗੰਗਾ ਦੇਵੀ ਜੀ ਦੇ ਨਿਰਾਸ਼ ਹੋ ਕੇ ਆਉਣ ਦਾ ਪਤਾ ਲੱਗਾ ਤਾਂ ਉਨ੍ਹਾਂ ਦੱਸਿਆ, "ਸਿੱਖ ਦੀ ਸੇਵਾ ਕਰਨ ਦਾ ਸਹੀ ਤਰੀਕਾ ਇਹ ਹੈ ਕਿ ਜਦੋਂ ਕੋਈ ਉਸ ਪਾਸੋਂ ਕੁਝ ਲੈਣ ਜਾਵੇ ਤਾਂ ਉਸ ਨੂੰ ਸ਼ਾਹੀ ਠਾਠ ਛੱਡ ਕੇ, ਨਿਮਰਤਾ ਧਾਰ ਕੇ ਉਸ ਦੇ ਦਰਵਾਜ਼ੇ ਉੱਪਰ ਜਾਣਾ ਚਾਹੀਦਾ ਹੈ।"

ਅਗਲੇ ਦਿਨ ਗੁਰੂ ਅਰਜਨ ਦੇਵ ਜੀ ਦੀ ਸਿੱਖਿਆ ਅਨੁਸਾਰ ਮਾਤਾ ਗੰਗਾ ਦੇਵੀ ਜੀ ਨੇ ਆਪਣੇ ਹੱਥੀਂ ਰੋਟੀਆਂ ਪਕਾਈਆਂ, ਦਹੀਂ ਬਣਾਇਆ, ਹੋਰ ਸਭ ਕੁਝ ਤਿਆਰ ਕਰ ਕੇ, ਸਿਰ ਉੱਪਰ ਰੱਖ ਲਿਆ ਅਤੇ ਪੈਦਲ ਤੁਰ ਕੇ ਬਾਬਾ ਬੁੱਢਾ ਜੀ ਦੀ ਬੀੜ ਪੁੱਜੇ। ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਦੇਵੀ ਦਾ ਆਪਣੇ ਹੱਥੀਂ ਸ਼ਰਧਾ ਨਾਲ ਤਿਆਰ ਕੀਤਾ ਭੋਜਨ ਛਕਿਆ ਅਤੇ ਪ੍ਰਸੰਨ ਹੋ ਕੇ ਬਚਨ ਕੀਤਾ, "ਮਾਤਾ ਜੀ, ਆਪ ਦੇ ਮਨ ਦੀ ਆਸ ਪੂਰੀ ਹੋਵੇਗੀ। ਆਪ ਦੇ ਘਰ ਪੁੱਤਰ ਹੋਵੇਗਾ ਜਿਹੜਾ ਜ਼ਾਲਮਾਂ ਦੇ ਸਿਰ ਇਸ ਤਰ੍ਹਾਂ ਭੰਨੇਗਾ ਜਿਵੇਂ ਮੈਂ ਇਹ ਗੰਢੇ ਦਾ ਸਿਰ ਭੰਨਿਆ ਹੈ," ਬਾਬਾ ਬੁੱਢਾ ਜੀ ਨੇ ਨਾਲ ਹੀ ਇਕ ਗੰਢੇ ਉੱਪਰ ਮੁੱਕੀ ਮਾਰ ਕੇ ਤੋੜ ਕੇ ਦਿਖਾਇਆ।

ਬਾਬਾ ਬੁੱਢਾ ਜੀ ਪਾਸੋਂ ਵਰ ਪਾ ਕੇ ਮਾਤਾ ਗੰਗਾ ਦੇਵੀ ਜੀ ਦੇ ਪੁੱਤਰ, (ਗੁਰੂ) ਹਰਿਗੋਬਿੰਦ ਜੀ ਨੇ 2 ਜੂਨ, 1595 ਈ. ਨੂੰ ਵਡਾਲੀ ਪਿੰਡ ਵਿਚ, ਜਿਹੜਾ ਅੰਮ੍ਰਿਤਸਰ ਤੋਂ 5 ਮੀਲ ਦੂਰ ਹੈ, ਜਨਮ ਲਿਆ। ਬਾਬਾ ਬੁੱਢਾ ਜੀ ਦੇ ਬਚਨਾਂ ਅਨੁਸਾਰ ਗੁਰੂ ਹਰਿਗੋਬਿੰਦ ਜੀ ਨੇ ਜ਼ਾਲਮਾਂ ਨਾਲ ਚਾਰ ਲੜਾਈਆਂ ਲੜੀਆਂ। ਹਰ ਲੜਾਈ ਦੀ ਪਹਿਲ ਜ਼ਾਲਮਾਂ ਵਲੋਂ ਸੀ। ਉਨ੍ਹਾਂ ਨੇ ਹਰ ਲੜਾਈ ਵਿਚ ਜਿੱਤ ਪ੍ਰਾਪਤ ਕੀਤੀ।

ਸੇਵਾ ਦਾ ਢੰਗ



The Way to Serve

The Way to Serve


Guru Arjan Dev got married with revered Ganga Devi when he was eleven years old. A long time passed, they did not beget a child. One day revered Ganga Devi requested Guru Arjan Dev, "You bestow everyone with gifts of wealth, worldly goods and children. Please be kind to me and bestow upon me the boon of a son." Guru Arjan Dev replied, "There is no shortage of worldly material in the house of Guru Nanak. Please seek the blessings of an accomplished Sikh to confer the boon of a son. God will bless you with a son."

The next day revered Ganga Devi took some maids with her and mounting a chariot started towards the farm of Baba Budha to seek his blessings. In the farm, where Baba Budha was supervising agricultural work, he saw dust arising from a distance and asked the workers, "What is the cause of dust arising in that direction so early in the morning ?" The workers replied, "Mother Ganga Devi, along with her maids, is coming to meet you." Baba Budha said casually, "What trouble has befallen on them that they have had to come this way so early in the morning ?" Mother Ganga Devi returned with a curse instead of a boon. When Guru Arjan Dev came to know of her dishearted return, he told her, "The right way to serve a Sikh is that when someone goes to get something from somebody, one should give up royal splendour and go in a humble way at his door."

According to the advice of Guru Arjan Dev, Mother Ganga Devi made chappaties (bread) with her own hands, prepared yoghurt and getting other things ready, walked to the farm of Baba Budha carrying the things on her own head. Baba Budha partook the meals prepared by Mother Ganga Devi, was pleased and said, "Mother ! Your wish will be fulfilled. You will beget a son who will crush the heads of the cruel like this," and taking an onion in his hand and crushing it with his fist, showing it to her said, "The way I have crushed the head of this onion."

With the blessing of Baba Budha, Mother Ganga Devi gave birth to a son (Guru) Hargobind on 2nd June, 1595 A.D. at village Wadali, five kilometres from Amritsar. True were the words of Baba Budha, Guru Hargobind fought four battles with the tyrants. Every battle was started by the tyrants. He achieved victory in every battle.

ਪਾਪ ਦਾ ਫਲ



The Curse of Sin

ਪਾਪ ਦਾ ਫਲ

ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਪ੍ਰਿਥੀ ਚੰਦ ਦੁਨਿਆਵੀ ਕੰਮ-ਕਾਰ ਵਿਚ ਬਹੁਤ ਹੁਸ਼ਿਆਰ ਸੀ। ਇਸ ਲਈ ਪ੍ਰਿਥੀ ਚੰਦ ਨੂੰ ਗੁਰੂ ਰਾਮਦਾਸ ਜੀ ਨੇ ਸੰਗਤਾਂ ਪਾਸੋਂ ਭੇਟਾ ਅਤੇ ਮਸੰਦਾਂ ਪਾਸੋਂ ਦਸਵੰਧ ਇਕੱਠੀ ਕਰਨ ਦੇ ਨਾਲ ਨਾਲ ਲੰਗਰ ਦਾ ਪ੍ਰਬੰਧ ਵੀ ਸੌਂਪਿਆ ਹੋਇਆ ਸੀ। ਉਹ ਸਮਝਦਾ ਸੀ ਕਿ ਇਹ ਕੰਮ ਹੋਰ ਕੋਈ ਨਹੀਂ ਕਰ ਸਕਦਾ। ਇਸ ਲਈ ਉਸ ਨੂੰ ਯਕੀਨ ਸੀ ਕਿ ਗੁਰ-ਗੱਦੀ ਉਸ ਨੂੰ ਦਿੱਤੀ ਜਾਵੇਗੀ ਅਤੇ ਵੱਡਾ ਪੁੱਤਰ ਹੋਣ ਦੇ ਨਾਤੇ ਗੁਰ-ਗੱਦੀ ਦਾ ਹੱਕ ਵੀ ਉਸ ਦਾ ਹੀ ਬਣਦਾ ਹੈ। ਜਦੋਂ ਗੁਰ-ਗੱਦੀ ਗੁਰੂ ਅਰਜਨ ਦੇਵ ਜੀ ਨੂੰ ਸੌਂਪੀ ਗਈ ਤਾਂ ਉਹ ਪਿਤਾ ਨਾਲ ਬਹੁਤ ਗੁੱਸੇ ਹੋਇਆ। ਉਸ ਨੂੰ ਗੁਰ-ਗੱਦੀ ਨਾ ਮਿਲਣ ਦਾ ਬਹੁਤ ਅਫ਼ਸੋਸ ਹੋਇਆ। ਉਸਨੇ ਦਿਲ ਨਾ ਛੱਡਿਆ ਅਤੇ ਗੁਰ-ਗੱਦੀ ਪ੍ਰਾਪਤ ਕਰਨ ਲਈ ਹਰ ਤਰ੍ਹਾਂ ਦੀ ਕੋਸ਼ਿਸ਼ ਕਰਨ ਲੱਗਾ।

ਗੁਰੂ ਅਰਜਨ ਦੇਵ ਜੀ ਦੀ ਸ਼ਾਦੀ ਹੋਣ ਤੋਂ ਬਹੁਤ ਸਮੇਂ ਪਿਛੋਂ ਤੱਕ ਉਨ੍ਹਾਂ ਘਰ ਕੋਈ ਸੰਤਾਨ ਨਾ ਹੋਈ ਤਾਂ ਪ੍ਰਿਥੀ ਚੰਦ ਸੋਚਣ ਲੱਗਾ ਕਿ ਗੁਰ-ਗੱਦੀ ਗੁਰੂ ਅਰਜਨ ਦੇਵ ਜੀ ਪਿਛੋਂ ਉਸਦੇ ਪੁੱਤਰ ਨੂੰ ਮਿਲ ਜਾਵੇਗੀ। (ਗੁਰੂ) ਹਰਿਗੋਬਿੰਦ ਜੀ ਦੇ ਜਨਮ ਹੋਣ ਉਪਰੰਤ ਉਸਦੀ ਗੁਰ-ਗੱਦੀ ਮਿਲਣ ਦੀ ਆਸ ਫਿਰ ਟੁੱਟ ਗਈ। ਉਸ ਨੂੰ ਬੜਾ ਦੁੱਖ ਹੋਇਆ। ਉਸਨੇ ਗੁਰੂ ਅਰਜਨ ਦੇਵ ਨੂੰ ਪੁੱਤਰ ਦੇ ਜਨਮ ਦੀ ਵਧਾਈ ਤਕ ਨਾ ਦਿੱਤੀ। ਉਹ (ਗੁਰੂ) ਹਰਿਗੋਬਿੰਦ ਜੀ ਦਾ ਜਾਨੀ ਦੁਸ਼ਮਣ ਬਣ ਗਿਆ। ਕਿਵੇਂ ਨਾ ਕਿਵੇਂ ਉਹ (ਗੁਰੂ) ਹਰਿਗੋਬਿੰਦ ਜੀ ਨੂੰ ਖ਼ਤਮ ਕਰਨਾ ਚਾਹੁੰਦਾ ਸੀ ਤਾਂ ਜੋ ਗੁਰ-ਗੱਦੀ ਉਸ ਦੇ ਪੁੱਤਰ ਨੂੰ ਮਿਲ ਜਾਵੇ।

ਪ੍ਰਿਥੀ ਚੰਦ ਨੇ (ਗੁਰੂ) ਹਰਿਗੋਬਿੰਦ ਨੂੰ ਖ਼ਤਮ ਕਰਨ ਲਈ ਉਸ ਦੇ ਬ੍ਰਾਹਮਣ ਖਿਡਾਵੇ ਨੂੰ, ਜ਼ਹਿਰ ਦੇਣ ਲਈ ਮਨਾ ਲਿਆ। ਖਿਡਾਵੇ ਨੇ ਇਕ ਦਿਨ ਬਾਲਕ ਹਰਿਗੋਬਿੰਦ ਨੂੰ ਜ਼ਹਿਰ ਮਿਲਿਆ ਦਹੀਂ ਖੁਆਉਣ ਦੀ ਕੋਸ਼ਿਸ਼ ਕੀਤੀ। ਬਾਲਕ ਹਰਿਗੋਬਿੰਦ ਜੀ ਨੇ ਦਹੀਂ ਨਾ ਖਾਧਾ ਪਰ ਬੜੇ ਜ਼ੋਰ ਦੀ ਚੀਕ ਮਾਰੀ। ਚੀਕ ਦੀ ਆਵਾਜ਼ ਸੁਣ ਕੇ ਮਾਤਾ ਗੰਗਾ ਦੇਵੀ ਖਿਡਾਵੇ ਪਾਸ ਪੁੱਜ ਗਏ। ਬਾਲਕ ਹਰਿਗੋਬਿੰਦ ਨੇ ਮਾਤਾ ਨੂੰ ਦੱਸਿਆ ਕਿ ਇਹ ਮੈਨੂੰ ਜ਼ਬਰਦਸਤੀ ਦਹੀਂ ਖੁਆਉਣਾ ਚਾਹੁੰਦਾ ਹੈ ਪਰ ਮੈਂ ਇਹ ਦਹੀਂ ਨਹੀਂ ਖਾਣਾ ਚਾਹੁੰਦਾ। ਉਹ ਦਹੀਂ ਜਦੋਂ ਕੁੱਤੇ ਨੂੰ ਪਾਇਆ ਗਿਆ, ਉਹ ਕੁੱਤਾ ਦਹੀਂ ਖਾਂਦਾ ਖਾਂਦਾ ਦਮ ਤੋੜ ਗਿਆ।

ਕੁੱਤੇ ਨੂੰ ਮਰਦਾ ਦੇਖ ਕੇ ਖਿਡਾਵਾ ਬ੍ਰਾਹਮਣ ਬਹੁਤ ਡਰ ਗਿਆ। ਉਸਦੇ ਪੇਟ ਵਿਚ ਬੜੇ ਜ਼ੋਰ ਦੀ ਦਰਦ ਸ਼ੁਰੂ ਹੋ ਗਿਆ ਜਿਸ ਨਾਲ ਉਹ ਤੜਫਣ ਲੱਗਾ। ਬ੍ਰਾਹਮਣ ਨੇ ਮਰਨ ਤੋਂ ਪਹਿਲਾਂ ਦੱਸਿਆ ਕਿ ਉਸਨੂੰ ਕਿਵੇਂ ਪ੍ਰਿਥੀ ਚੰਦ ਨੇ ਬਾਲਕ ਹਰਿਗੋਬਿੰਦ ਨੂੰ ਜ਼ਹਿਰ ਦੇਣ ਲਈ ਮਨਾ ਲਿਆ ਸੀ। ਉਸਨੇ ਕਿਵੇਂ ਲਾਲਚ ਵਿਚ ਫਸ ਕੇ ਦਹੀਂ ਵਿਚ ਜ਼ਹਿਰ ਪਾਈ ਸੀ। ਉਹ ਪੈਸੇ ਦੇ ਲਾਲਚ ਵਿਚ ਫਸ ਕੇ ਆਪਣੇ ਕੀਤੇ ਪਾਪ ਦਾ ਫਲ ਭੁਗਤ ਰਿਹਾ ਸੀ। ਉਸ ਦੇ ਇਹ ਬੋਲ ਅਜੇ ਪੂਰੇ ਨਹੀਂ ਸਨ ਹੋਏ ਕਿ ਉਸ ਦੇ ਸਵਾਸ ਪੂਰੇ ਹੋ ਗਏ। ਉਸਦਾ ਬੋਲਣਾ ਬੰਦ ਹੋ ਗਿਆ। ਪ੍ਰਿਥੀ ਚੰਦ ਦਾ ਇਹ ਵਾਰ ਵੀ ਖ਼ਾਲੀ ਗਿਆ। ਗੁਰੂ ਅਰਜਨ ਦੇਵ ਜੀ ਰਾਗ ਭੈਰਉ ਵਿਚ ਬ੍ਰਾਹਮਣ ਦੀ ਮੌਤ ਬਾਰੇ ਲਿਖਦੇ ਹਨ :

ਲੇਪ ਨ ਲਾਗੋ ਤਿਲ ਕਾ ਮੂਲਿ ॥
ਦੁਸਟ ਬ੍ਰਾਹਮਣੁ ਮੂਆ ਹੋਇ ਕੈ ਸੂਲ ॥ *ਰਾਗ ਭੈਰਉ ਮ: 5, ਪੰਨਾ 1137*

The Curse of Sin

Prithi Chand the elder brother of Guru Arjan Dev, was certain that his father, Guru Ram Dass, will entrust the leadership of the Sikhs to him because he had a right, being the eldest son. Prithi Chand accepted offerings from the devotees and collected tithe from the appointed priests. He was also the incharge of the community kitchen. As such, he thought that none else could manage the things like him. All the expectations of Prithi Chand were dashed to the ground when Guru Arjan Dev was made the next Guru. He was much dismayed at the loss of the seat of power. He did not loose heart but went on trying to gain the leadership of the Sikhs.

When Guru Arjan Dev did not beget a child upto a ripe age, Prithi Chand became hopeful that his son will be made the next Guru after Guru Arjan Dev. His hopes were shattered again after the birth of (Guru) Hargobind. He did not even congratulate Guru Arjan Dev on the birth of his son. He became a mortal enemy of (Guru) Hargobind. He wanted to get rid of (Guru) Hargobind by hook or by crook so that his son may become the next Guru.

Prithi Chand, in order to kill (Guru) Hargobind, brought round his male nurse to poison him. One day, the male nurse tried to get child Hargobind eat yoghurt mixed with poison. Child Hargobind did not eat the yoghurt but screamed loudly. Hearing the scream, mother Ganga Devi came to the spot. Child Hargobind told his mother that his male nurse was forcing him to eat the yoghurt but he did not want to eat that. When that yoghurt was fed to a dog it died while still lapping it.

Seeing the dog dying, the Brahmin male nurse got dreadfully frightened. He felt a severe stomach ache and he began to writhe. The Brahmin confessed before death, how Prithi Chand had brought him round to administer poison to child Hargobind. How in his greed, he had mixed poison in the yoghurt. He was reaping the fruit of the seeds of greed sown by him. He had hardly finished these words of confession that he breathed his last. His voice was stilled. This attack of Prithi Chand also did not work. Guru Arjan Dev writes in Rag Bhairo, M. 5, p. 1137 :

The child did not suffer even a slight injury.
The wicked Brahmin died after severe stomach pain.

ਹਾਣੀ ਰਾਹੀਂ ਜ਼ਹਿਰ

ਪ੍ਰਿਥੀ ਚੰਦ ਨੂੰ ਖਿਡਾਵੇ ਦੇ ਮਰਨ ਦਾ ਕੋਈ ਅਫ਼ਸੋਸ ਨਾ ਹੋਇਆ। ਖਿਡਾਵੇ ਨੇ ਮਰਨ ਤੋਂ ਪਹਿਲਾਂ ਦੱਸ ਦਿੱਤਾ ਸੀ ਕਿ ਪ੍ਰਿਥੀ ਚੰਦ ਨੇ ਉਸ ਨੂੰ ਜ਼ਹਿਰ ਦੇਣ ਲਈ ਕਿਹਾ ਸੀ। ਲੋਕਾਂ ਨੂੰ ਇਸ ਤਰ੍ਹਾਂ ਦੀ ਭੈੜੀ ਕਰਤੂਤ ਦਾ ਪਤਾ ਲੱਗ ਜਾਣ ਉੱਪਰ ਵੀ ਪ੍ਰਿਥੀ ਚੰਦ ਦੇ ਸੁਭਾਉ ਵਿਚ ਕੋਈ ਫ਼ਰਕ ਨਾ ਪਿਆ।

ਬਾਲਕ ਹਰਿਗੋਬਿੰਦ ਜੀ ਜਦੋਂ ਪੰਜ ਸਾਲਾਂ ਦੇ ਸਨ, ਆਪਣੇ ਸਾਥੀਆਂ ਨਾਲ ਬਾਹਰ ਖੇਡਣ ਜਾਇਆ ਕਰਦੇ ਸਨ। ਪ੍ਰਿਥੀ ਚੰਦ ਨੇ ਇਸ ਤਰ੍ਹਾਂ ਦੇ ਮੌਕੇ ਦਾ ਲਾਭ ਉਠਾਉਣ ਦੀ ਸੋਚੀ। ਉਸ ਨੇ ਬਾਲਕ ਹਰਿਗੋਬਿੰਦ ਦੇ ਇਕ ਗਹਿਰੇ ਮਿੱਤਰ ਨੰਦ ਰਾਮ ਨੂੰ ਚੁਣਿਆ। ਉਸ ਦੇ ਚਾਚੇ ਨੂੰ ਲਾਲਚ ਵਿਚ ਫਸਾ ਕੇ ਆਪਣੇ ਭੈੜੇ ਕੰਮ ਦਾ ਸਾਥੀ ਬਣਾ ਲਿਆ।

ਪ੍ਰਿਥੀ ਚੰਦ ਅਤੇ ਨੰਦ ਰਾਮ ਦੇ ਚਾਚੇ ਨੇ ਬਾਲਕ ਹਰਿਗੋਬਿੰਦ ਨੂੰ ਜ਼ਹਿਰ ਦੇਣ ਦੀ ਸਕੀਮ ਬਣਾਈ। ਉਨ੍ਹਾਂ ਦੋਹਾਂ ਰਲ ਕੇ ਜ਼ਹਿਰ ਵਾਲੀ ਅਤੇ ਜ਼ਹਿਰ ਤੋਂ ਬਿਨਾਂ ਮਿਠਿਆਈ ਤਿਆਰ ਕੀਤੀ। ਇਕ ਦਿਨ ਉਹਨਾਂ ਨੰਦ ਰਾਮ ਨੂੰ ਦੋ ਜੇਬਾਂ ਵਾਲਾ ਕਮੀਜ਼ ਪਾਇਆ। ਉਸ ਕਮੀਜ਼ ਦੇ ਖੱਬੇ ਪਾਸੇ ਵਾਲੀ ਜੇਬ ਵਿਚ ਜ਼ਹਿਰ ਵਾਲੀ ਮਿਠਿਆਈ ਪਾ ਦਿੱਤੀ ਅਤੇ ਸੱਜੇ ਪਾਸੇ ਵਾਲੀ ਜੇਬ ਵਿਚ ਜ਼ਹਿਰ ਤੋਂ ਬਿਨਾਂ ਮਿਠਿਆਈ ਪਾ ਦਿੱਤੀ। ਨੰਦ ਰਾਮ ਦੇ ਚਾਚੇ ਨੇ ਨੰਦ ਰਾਮ ਨੂੰ ਸਮਝਾ ਦਿੱਤਾ, "ਤੂੰ ਸੱਜੇ ਪਾਸੇ ਵਾਲੀ ਜੇਬ ਵਿਚੋਂ ਮਿਠਿਆਈ ਖਾਵੀਂ ਅਤੇ ਆਪਣੇ ਮਿੱਤਰ ਹਰਿਗੋਬਿੰਦ ਨੂੰ ਖੱਬੇ ਪਾਸੇ ਵਾਲੀ ਜੇਬ ਵਿਚੋਂ ਖਾਣ ਨੂੰ ਦੇਵੀਂ।"

ਨੰਦ ਰਾਮ ਮਿਠਿਆਈ ਲੈ ਕੇ ਬੜਾ ਖ਼ੁਸ਼ ਹੋਇਆ। ਬਾਲਕ ਹਰਿਗੋਬਿੰਦ ਨੂੰ ਭਾਲ ਕੇ ਉਸ ਨਾਲ ਖੇਡਣ ਲਗ ਗਿਆ। ਬਾਲਕ ਹਰਿਗੋਬਿੰਦ ਜੀ ਉਸ ਦੇ ਸੱਜੇ ਪਾਸੇ ਬੈਠ ਗਏ। ਬਾਲਕ ਨੰਦ ਰਾਮ ਨੇ ਬਾਲਕ ਹਰਿਗੋਬਿੰਦ ਨੂੰ ਦੱਸਿਆ, "ਮੈਂ ਘਰੋਂ ਆਪਾਂ ਦੋਹਾਂ ਲਈ ਮਿਠਿਆਈ ਲੈ ਕੇ ਆਇਆ ਹਾਂ।" ਨੰਦ ਰਾਮ ਨੇ ਬਾਲਕ ਹਰਿਗੋਬਿੰਦ ਨੂੰ ਕਮੀਜ਼ ਦੀਆਂ ਦੋਵੇ ਜੇਬਾਂ ਮਿਠਿਆਈ ਦੀਆਂ ਭਰੀਆਂ ਹੋਈਆਂ ਦਿਖਾਈਆਂ ਅਤੇ ਦੋਵੇਂ ਖਾਣ ਲਗ ਗਏ। ਨੰਦ ਰਾਮ ਖਬਚੂ ਸੀ ਅਤੇ ਉਸ ਦੇ ਚਾਚੇ ਨੂੰ ਇਹ ਪਤਾ ਨਹੀਂ ਸੀ। ਨੰਦ ਰਾਮ ਨੇ ਖੱਬੀ ਜੇਬ ਵਿਚੋਂ ਮਿਠਿਆਈ ਖਾਣੀ ਸ਼ੁਰੂ ਕਰ ਦਿੱਤੀ ਜਿਸ ਵਿਚ ਜ਼ਹਿਰ ਮਿਲਾਈ ਗਈ ਸੀ। ਬਾਲਕ ਹਰਿਗੋਬਿੰਦ ਜੀ ਸੱਜੇ ਪਾਸੇ ਬੈਠੇ ਨੰਦ ਰਾਮ ਦੀ ਸੱਜੀ ਜੇਬ ਵਿਚੋਂ ਜ਼ਹਿਰ ਤੋਂ ਬਿਨਾਂ ਮਿਠਿਆਈ ਖਾਣ ਲੱਗੇ। ਨੰਦ ਰਾਮ ਮਿਠਿਆਈ ਖਾਂਦਾ ਖਾਂਦਾ ਅੱਖਾਂ ਮੀਟ ਗਿਆ ਅਤੇ ਜ਼ਮੀਨ ਉੱਪਰ ਡਿੱਗ ਗਿਆ।

ਨੰਦ ਰਾਮ ਦੀ ਮੌਤ ਹੋਣ ਪਿਛੋਂ ਉਸ ਦੇ ਚਾਚੇ ਨੇ ਸਾਰਿਆਂ ਨੂੰ ਪ੍ਰਿਥੀ ਚੰਦ ਦੀ ਇਹ ਕਰਤੂਤ ਦੱਸ ਦਿੱਤੀ। ਵਡਾਲੀ ਦੇ ਲੋਕਾਂ ਪ੍ਰਿਥੀ ਚੰਦ ਦੀ ਬਹੁਤ ਨਿੰਦਿਆ ਕੀਤੀ। ਸ਼ਰਮ ਦਾ ਮਾਰਿਆ ਪ੍ਰਿਥੀ ਚੰਦ ਵਡਾਲੀ ਛੱਡ ਕੇ ਆਪਣੇ ਸਹੁਰੇ ਪਿੰਡ ਹਹੇਰੀ, ਜ਼ਿਲ੍ਹਾ ਲਾਹੌਰ ਵਿਚ ਚਲਿਆ ਗਿਆ। ਗੁਰੂ ਅਰਜਨ ਦੇਵ ਜੀ ਨੇ ਬਾਲਕ ਹਰਿਗੋਬਿੰਦ ਨੂੰ ਆਪਣੇ ਪਾਸ ਅੰਮ੍ਰਿਤਸਰ ਬੁਲਾ ਲਿਆ।



Poison through Companion

Poison through Companion

Prithi Chand did not feel any sorrow on the death of the male nurse. The Brahmin had told before his death that Prithi Chand had asked him to administer poison. Inspite of people having come to know about his foul deed, there was no change in his behaviour.


When child Hargobind was five years old, he used to go out with his companions to play. Prithi Chand planned to use that opportunity. He chose a close friend of child Hargobind, Nand Ram for this purpose. Getting his uncle entangled in greed, he made him his associate for this misdeed.

Prithi Chand and the uncle of Nand Ram hatched a conspiracy to poison child Hargobind. In collaboration, they prepared two types of sweets—one with poison and the other without it. One day they put on Nand Ram, a shirt with two pockets. In the left hand pocket they put the poisoned sweets while in the right hand pocket that without poison. Nand Ram's uncle made him understand, "You should eat the sweets from the right hand pocket and give your friend, Hargobind from your left hand pocket to eat."

Nand Ram was very happy to get the sweets. He sought out child Hargobind and began playing with him. Child Hargobind sat on his right. Nand Ram told child Hargobind, "I have brought sweets for both of us from home." Nand Ram showed child Hargobind both his pockets stuffed with sweets and both of them started eating. Nand Ram was a left-hander and his uncle was not aware of this fact. Nand Ram started eating with his left hand from his left hand pocket, the sweets mixed with poison. Child Hargobind, sitting on the right started eating from Nand Ram's right hand pocket, sweets without poison. Nand Ram died while eating the sweets and fell to the ground.

After the death of Nand Ram, his uncle told everyone all about the foul deed of Prithi Chand. The people of Wadali decried Prithi Chand very much. To escape public disgrace, Prithi Chand left Wadali and went to his in-law's village Haheri, district Lahore. Guru Arjan Dev called child Hargobind to Amritsar to live with him.

ਕਾਲ ਸਮੇਂ ਸੇਵਾ



Service during Famine

ਕਾਲ ਸਮੇਂ ਸੇਵਾ

ਅਕਬਰ ਬਾਦਸ਼ਾਹ ਨੇ 1586 ਈ. ਤੋਂ 1598 ਈ. ਤੱਕ ਆਪਣੀ ਰਾਜਧਾਨੀ ਆਗਰੇ ਦੀ ਥਾਂ ਲਾਹੌਰ ਰੱਖੀ। ਤਿੰਨ ਸਾਲ ਲਗਾਤਾਰ ਬਾਰਸ਼ ਨਾ ਹੋਈ ਜਿਸ ਕਾਰਨ ਫ਼ਸਲਾਂ ਨਾ ਹੋਈਆਂ। ਹਰ ਪਾਸੇ ਅੰਨ ਦਾ ਘਾਟਾ ਹੋ ਗਿਆ। 1595 ਈ. ਵਿਚ ਕਾਲ ਪੈ ਗਿਆ। ਭੁੱਖ ਨਾਲ ਲੋਕੀ ਮਰਨ ਲੱਗੇ। ਲਾਹੌਰ ਸ਼ਹਿਰ ਵਿਚ ਮੁਰਦਿਆਂ ਦੀਆਂ ਲਾਸ਼ਾਂ ਗਲੀਆਂ ਬਾਜ਼ਾਰਾਂ ਵਿਚ ਰੁਲਣ ਲੱਗੀਆਂ। ਹਰ ਪਾਸੇ, ਹਰ ਵੇਲੇ ਲੋਕਾਂ ਦੇ ਰੋਣ-ਕੁਰਲਾਉਣ ਦੀਆਂ ਆਵਾਜ਼ਾਂ ਆਉਣ ਲੱਗੀਆਂ। ਅਕਬਰ ਬਾਦਸ਼ਾਹ ਉਨ੍ਹਾਂ ਦਿਨਾਂ ਵਿਚ ਲਾਹੌਰ ਹੀ ਸੀ। ਉਸ ਪਾਸੋਂ ਗਲੀਆਂ-ਬਾਜ਼ਾਰਾਂ ਵਿਚੋਂ ਆਉਂਦੀ ਮੁਰਦਿਆਂ ਦੀ ਬਦਬੋ ਸਹਾਰੀ ਨਾ ਜਾ ਸਕੀ। ਉਹ ਲਾਹੌਰ ਛੱਡ ਕੇ ਕਲਾਨੌਰ ਚਲਿਆ ਗਿਆ।

ਗੁਰੂ ਅਰਜਨ ਦੇਵ ਜੀ ਨੇ ਜਦੋਂ ਲਾਹੌਰ ਦੀ ਇਹ ਹਾਲਤ ਸੁਣੀ ਤਾਂ ਆਪ ਲਾਹੌਰ ਪੁੱਜ ਗਏ। ਸਿੱਖ ਸੰਗਤਾਂ ਅਤੇ ਮਸੰਦਾਂ ਨੂੰ ਹੁਕਮ ਕਰ ਦਿੱਤਾ ਕਿ ਉਹ ਆਪਣਾ ਦਸਵੰਧ ਅਤੇ ਹੋਰ ਭੇਟਾ ਲੈ ਕੇ ਲਾਹੌਰ ਪੁੱਜਣ। ਲਾਹੌਰ ਸ਼ਹਿਰ ਪੁੱਜ ਕੇ ਆਪ ਨੇ ਬਾਉਲੀ ਸਾਹਿਬ ਦੀ ਉਸਾਰੀ ਸ਼ੁਰੂ ਕਰਵਾ ਦਿੱਤੀ ਤਾਂ ਜੋ ਬੇਰੁਜ਼ਗਾਰਾਂ ਨੂੰ ਕੰਮ ਮਿਲ ਸਕੇ, ਅਤੇ ਨਾਲ ਹੀ ਲੰਗਰ ਲਗਵਾ ਦਿੱਤੇ ਤਾਂ ਜੋ ਭੁੱਖਿਆਂ ਨੂੰ ਪੇਟ ਭਰਨ ਲਈ ਅੰਨ ਮਿਲ ਸਕੇ। ਆਪ ਨੇ ਆਪਣੇ ਹੱਥੀਂ ਗਲੀਆਂ ਅਤੇ ਬਾਜ਼ਾਰਾਂ ਵਿਚੋਂ ਮੁਰਦਿਆਂ ਦੀਆਂ ਲਾਸ਼ਾਂ ਇਕੱਠੀਆਂ ਕਰ ਕੇ ਉਨ੍ਹਾਂ ਨੂੰ ਜਲਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਗੁਰੂ ਅਰਜਨ ਦੇਵ ਜੀ ਨੂੰ ਆਪਣੇ ਹੱਥੀਂ ਲਾਸ਼ਾਂ ਢੋਂਦੇ ਦੇਖ ਕੇ ਹਰ ਦੇਖਣ ਵਾਲਾ ਪਿੱਛੇ ਨਾ ਰਹਿ ਸਕਿਆ। ਉਨ੍ਹਾਂ ਵੀ ਆਪਣੀ ਵਿੱਤ ਦੇ ਹਿਸਾਬ ਹਿੱਸਾ ਪਾਇਆ। ਗੁਰੂ ਅਰਜਨ ਦੇਵ ਜੀ ਨੇ ਅੱਠ ਮਹੀਨੇ ਲਾਹੌਰ ਰਹਿ ਕੇ ਹਰ ਦੁਖੀਏ ਦਾ ਦਰਦ ਵੰਡਾਇਆ।

ਲਾਹੌਰ ਸ਼ਹਿਰ ਵਿਚ ਆਪ ਦੇ ਪਾਸ ਭਾਈ ਸਾਈਂ ਦਿੱਤਾ ਅਤੇ ਸੈਦੋ ਨੇ ਹਾਜ਼ਰ ਹੋ ਕੇ ਬੇਨਤੀ ਕੀਤੀ, "ਗੁਰੂ ਨਾਨਕ ਦੇਵ ਜੀ ਲਾਹੌਰ ਸ਼ਹਿਰ ਨੂੰ 'ਜ਼ਹਿਰ ਕਹਿਰ' ਆਖ ਗਏ ਹਨ ਅਤੇ ਅਸੀਂ ਲਾਹੌਰ ਸ਼ਹਿਰ ਵਿਚ ਰਹਿੰਦੇ ਹਾਂ, ਸੋ ਅਸੀਂ ਕਹਿਰ ਤੋਂ ਕਿਵੇਂ ਬਚ ਸਕਦੇ ਹਾਂ ?" ਗੁਰੂ ਅਰਜਨ ਦੇਵ ਜੀ ਨੇ ਫ਼ਰਮਾਇਆ, "ਲਾਹੌਰ ਸ਼ਹਿਰ ਉਹਨਾਂ ਲਈ 'ਅੰਮ੍ਰਿਤਸਰ ਸਿਫਤੀ ਦਾ ਘਰ' ਹੀ ਹੈ, ਜਿਹੜੇ ਅੰਮ੍ਰਿਤ ਵੇਲੇ ਉਸ ਮਾਲਕ ਦੀਆਂ ਸਿਫ਼ਤਾਂ ਦੀ ਵਿਚਾਰ ਕਰਦੇ ਹਨ।

ਇਕ ਦਿਨ, ਜ਼ਿਲ੍ਹਾ ਝੰਗ ਦਾ ਰਹਿਣ ਵਾਲਾ ਪ੍ਰਸਿੱਧ ਹਕੀਮ ਵਜ਼ੀਰ ਖ਼ਾਨ, ਗੁਰੂ ਜੀ ਦੇ ਦਰਸ਼ਨਾਂ ਲਈ ਲਾਹੌਰ ਆਇਆ। ਗੁਰੂ ਅਰਜਨ ਦੇਵ ਜੀ ਨੇ ਉਸਦੀ ਹਲੀਮੀ ਦੇਖ ਕੇ ਉਚਾਰਿਆ—"ਹੋਇ ਪੈਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ" ਅਤੇ ਦਸਿਆ—"ਅੱਲਾ ਦੀ ਯਾਦ ਵਿਸਰਨ ਨਾ ਦੇਣੀ, ਸਬਰ ਰੱਖਣਾ, ਹਲੀਮੀ ਧਾਰਨ ਕਰਨੀ, ਵੰਡ ਖਾਣਾ ਅਤੇ ਮਨ ਉੱਪਰ ਕਾਬੂ ਰਖਣਾ, ਇਹ ਪੰਜ ਨਮਾਜ਼ਾਂ ਹਨ।"

ਗੁਰੂ ਅਰਜਨ ਦੇਵ ਜੀ ਦੀ ਸੇਵਾ ਬਾਰੇ ਜਦੋਂ ਅਕਬਰ ਨੂੰ ਪਤਾ ਲੱਗਾ ਤਾਂ ਉਹ 24 ਨਵੰਬਰ, 1598 ਈ. ਨੂੰ ਆਗਰੇ ਨੂੰ ਜਾਂਦਾ ਹੋਇਆ ਗੋਇੰਦਵਾਲ ਵਿਖੇ ਆਪ ਜੀ ਦੇ ਦਰਸ਼ਨ ਕਰ ਕੇ ਗਿਆ।

Service during Famine

King Akbar kept his capital at Lahore from 1586 A.D. to 1598 A.D., instead of Agra. There was no rain for three years in succession. The result of which, there were no crops. There was a shortage of food on all sides. There was a famine in 1595 A.D. People started dying of hunger. Corpses of the dead began rotting in the streets and bazars of Lahore. On everyside sounds of wailing and crying of people began to be heard day and night. King Akbar was staying at Lahore in those days. He could not bear the stink emanating from the corpses in the streets and bazars. He left Lahore for Kalanaur.

When Guru Arjan Dev heard about this plight of Lahore, he came to the city. He sent orders to the Sikh masses and the appointed priests to come to Lahore with their tithe and other offerings. Reaching Lahore city, he started the construction of a step-well so that the unemployed may get work and also set up community kitchens so that the hungry might get food to fill their bellies. He started collecting corpses from streets for cremation with his own hands. Seeing the Guru carrying dead bodies with his own hands, the onlookers could not just stand there and so they joined him. They also contributed according to their capacity. Guru Arjan Dev stayed at Lahore for eight months and shared the suffering of those afflicted.

At Lahore, Bhai Sain Ditta and Saido presented themselves before the Guru and said, "Guru Nanak Dev has called the city of Lahore as 'poison and calamity'. We live in this city. How can we escape the calamity ?" Guru Arjan Dev said, "Lahore city is abode of nectar for those who recite the praises of Lord early in the morning."

One day a renowned physician, Wazir Khan, of district Jhang came to Lahore for an audience. Observing his modesty, Guru Arjan Dev said to him, "Keeping Allah always in mind, contentment, modesty, sharing your food and control of the mind are the five 'Muslim prayers'."

When King Akbar came to know of the service of Guru Arjan Dev at Lahore, he paid his homage to him on 24th of November, 1598 A.D. at Goindwal on his way to Agra.

ਭਾਈ ਭਿਖਾਰੀ

ਗੁਰੂ ਅਰਜਨ ਦੇਵ ਜੀ ਦਾ ਇੱਕ ਸਿੱਖ ਬੜਾ ਗੁਰਮੁਖ, ਮਿਠ-ਬੋਲੜਾ, ਘਰ ਆਏ ਹਰ ਲੋੜਵੰਦ ਦੀ ਜ਼ਰੂਰਤ ਪੂਰੀ ਕਰਨ ਵਾਲਾ ਅਤੇ ਉੱਚੇ ਆਚਰਣ ਵਾਲਾ ਸੀ। ਇੱਕ ਦਿਨ ਉਸ ਨੇ ਗੁਰੂ ਅਰਜਨ ਦੇਵ ਜੀ ਅੱਗੇ ਬੇਨਤੀ ਕੀਤੀ, "ਕ੍ਰਿਪਾ ਕਰ ਕੇ ਮੈਨੂੰ ਕਿਸੇ ਪੂਰਨ ਸਿੱਖ ਦੇ ਦੀਦਾਰ ਕਰਵਾਏ ਜਾਣ, ਜਿਸ ਦੀ ਰਹਿਣੀ ਤੋਂ ਮੈਂ ਕੁਝ ਸਿੱਖਿਆ ਲੈ ਕੇ ਆਪਣਾ ਜੀਵਨ ਸੁਧਾਰ ਸਕਾਂ।" ਗੁਰੂ ਅਰਜਨ ਦੇਵ ਜੀ ਨੇ ਉਸ ਨੂੰ ਕਿਹਾ, "ਜੇ ਤੂੰ ਪੂਰਨ ਸਿੱਖ ਦੇ ਦਰਸ਼ਨ ਕਰਨੇ ਹਨ ਤਾਂ ਗੁਜਰਾਤ ਵਿਚ ਰਹਿੰਦੇ ਭਾਈ ਭਿਖਾਰੀ ਨੂੰ ਜਾ ਦੇਖ।"

ਉਹ ਸਿੱਖ ਗੁਜਰਾਤ ਵਿਚ ਭਾਈ ਭਿਖਾਰੀ ਨੂੰ ਜਾ ਮਿਲਿਆ। ਉਸਦੇ ਘਰ ਉਸਦੇ ਲੜਕੇ ਦੀ ਸ਼ਾਦੀ ਦੀ ਤਿਆਰੀ ਹੋ ਰਹੀ ਸੀ। ਘਰ ਵਿਚ ਬਹੁਤ ਰੌਣਕਾਂ ਸਨ। ਹਰ ਪਾਸੇ ਲੋਕੀ ਖ਼ੁਸ਼ੀਆਂ ਮਨਾ ਰਹੇ ਸਨ। ਬੀਬੀਆਂ ਗੀਤ ਗਾ ਰਹੀਆਂ ਸਨ। ਭਾਈ ਭਿਖਾਰੀ ਇਕ ਪਾਸੇ ਬੈਠਾ ਕਫ਼ਨ ਸਿਊਂ ਰਿਹਾ ਸੀ। ਸਿੱਖ ਨੂੰ ਦੇਖ ਕੇ ਉਸ ਨੇ ਹੱਥ ਦਾ ਕੰਮ ਪਾਸੇ ਰੱਖ ਕੇ ਉਸ ਦੀ ਆਉ ਭਗਤ ਕੀਤੀ। ਇਸ ਪਿੱਛੋਂ ਰਹਿੰਦਾ ਕਫ਼ਨ ਤਿਆਰ ਕਰਨ ਲੱਗ ਪਿਆ। ਕਫ਼ਨ ਸਿਊਂਦਾ ਦੇਖ ਸਿੱਖ ਨੇ ਭਾਈ ਭਿਖਾਰੀ ਨੂੰ ਪੁੱਛਿਆ, "ਤੁਸੀਂ ਇਹ ਕਫ਼ਨ ਕਿਉਂ ਤਿਆਰ ਕਰ ਰਹੇ ਹੋ ? ਇਸ ਦੀ ਕੀ ਲੋੜ ਹੈ ?" ਭਾਈ ਭਿਖਾਰੀ ਨੇ ਉੱਤਰ ਦਿੱਤਾ, "ਤੁਸੀਂ ਮੇਰੇ ਪਾਸ ਦੋ ਤਿੰਨ ਦਿਨ ਰੁਕੋ, ਆਪ ਨੂੰ ਇਸ ਸਵਾਲ ਦਾ ਜਵਾਬ ਮਿਲ ਜਾਵੇਗਾ।" ਭਾਈ ਭਿਖਾਰੀ ਦੇ ਕਹਿਣ ਉੱਪਰ ਸਿੱਖ ਉਸ ਪਾਸ ਠਹਿਰ ਗਿਆ। ਭਾਈ ਭਿਖਾਰੀ ਨੇ ਕੁਝ ਪੁਰਾਣੀਆਂ ਬੋਰੀਆਂ ਕੱਢੀਆਂ ਅਤੇ ਉਨ੍ਹਾਂ ਦਾ ਇਕ ਵੱਡਾ ਸਾਰਾ ਤੱਪੜ ਬਣਾ ਕੇ ਇੱਕ ਪਾਸੇ ਇਕੱਠਾ ਕਰ ਕੇ ਰੱਖ ਦਿੱਤਾ। ਇਹ ਕੰਮ ਖ਼ਤਮ ਕਰ ਕੇ, ਭਾਈ ਭਿਖਾਰੀ, ਸਿੱਖ ਨੂੰ ਨਾਲ ਲੈ ਕੇ ਆਏ ਗਏ ਦੀ ਸੇਵਾ ਵਿਚ ਰੁੱਝ ਗਿਆ।

ਦੂਜੇ ਦਿਨ ਭਾਈ ਭਿਖਾਰੀ ਆਪਣੇ ਲੜਕੇ ਦੀ ਸ਼ਾਦੀ ਉੱਪਰ ਜੰਵ ਲੈ ਕੇ ਗਿਆ। ਸਮੇਂ ਦੇ ਰਿਵਾਜ ਅਨੁਸਾਰ ਭਾਈ ਭਿਖਾਰੀ ਨੇ ਵਿਆਹ ਦੇ ਸਾਰੇ ਕੰਮ ਨਿਭਾਏ। ਲੜਕੇ ਦੀ ਸ਼ਾਦੀ ਕਰ ਕੇ ਘਰ ਵਿਚ ਨੂੰਹ ਲੈ ਆਏ। ਦੋ ਦਿਨਾਂ ਪਿੱਛੋਂ ਉਸਦੇ ਲੜਕੇ ਦੀ ਅਚਾਨਕ ਮੌਤ ਹੋ ਗਈ। ਭਾਈ ਭਿਖਾਰੀ ਨੇ ਲੜਕੇ ਦੀ ਮੌਤ ਉੱਪਰ ਇਕੱਠੇ ਹੋਣ ਵਾਲਿਆਂ ਲਈ ਦੋ ਦਿਨ ਪਹਿਲਾਂ ਤਿਆਰ ਕੀਤਾ ਤੱਪੜ ਵਿਛਾ ਦਿੱਤਾ। ਲੜਕੇ ਨੂੰ ਇਸ਼ਨਾਨ ਕਰਵਾ ਕੇ ਤਿਆਰ ਕਫ਼ਨ ਪਹਿਨਾ ਦਿੱਤਾ। ਸਿੱਖ ਇਹ ਦੇਖ ਬਹੁਤ ਹੈਰਾਨ ਹੋਇਆ ਕਿ ਭਾਈ ਭਿਖਾਰੀ ਨੂੰ ਗਿਆਨ ਸੀ ਕਿ ਉਸ ਦੇ ਪੁੱਤਰ ਨੇ ਸ਼ਾਦੀ ਤੋਂ ਪਿਛੋਂ ਮਰ ਜਾਣਾ ਹੈ, ਉਸ ਨੇ ਇਸ ਲਈ ਕਫ਼ਨ ਅਤੇ ਤੱਪੜ ਤਿਆਰ ਕਰ ਕੇ ਪਹਿਲਾਂ ਹੀ ਰੱਖੇ ਹੋਏ ਸਨ।

ਸਸਕਾਰ ਦੇ ਕੰਮ-ਕਾਰ ਤੋਂ ਪਿੱਛੋਂ ਸਿੱਖ ਨੇ ਭਾਈ ਭਿਖਾਰੀ ਨੂੰ ਪੁੱਛਿਆ, "ਜਦੋਂ ਆਪ ਨੂੰ ਪਤਾ ਸੀ ਕਿ ਪੁੱਤਰ ਨੇ ਦੋ ਦਿਨਾਂ ਤੱਕ ਮਰ ਜਾਣਾ ਹੈ ਤਾਂ ਆਪ ਨੇ ਇਸ ਦੀ ਸ਼ਾਦੀ ਕਿਉਂ ਕੀਤੀ ? ਇੱਕ ਲੜਕੀ ਨੂੰ ਵਿਧਵਾ ਕਿਉਂ ਬਣਾਇਆ ? ਗੁਰੂ ਪਾਸੋਂ ਆਪ ਨੇ ਲੜਕੇ ਦੀ ਵੱਡੀ ਉਮਰ ਦੀ ਅਰਦਾਸ ਕਿਉਂ ਨਾ ਕਰਵਾ ਲਈ ?" ਭਾਈ ਭਿਖਾਰੀ ਨੇ ਉੱਤਰ ਦਿੱਤਾ, "ਸਰੀਰ ਨਾਸ਼ਵੰਤ ਹੈ। ਇਸ ਨੇ ਇਕ ਦਿਨ ਨਾਸ਼ ਹੋਣਾ ਹੀ ਹੈ। ਗੁਰੂ ਪਾਸੋਂ ਮੰਗੀਏ, ਪ੍ਰਮਾਤਮਾ ਦਾ ਭਾਣਾ ਮੰਨਣ ਦੀ ਸੋਝੀ।" ਇਹ ਸੁਣ ਕੇ ਉਸ ਸਿੱਖ ਨੂੰ ਗਿਆਨ ਹੋ ਗਿਆ ਕਿ ਰੱਬ ਦੇ ਭਾਣੇ ਵਿਚ ਰਹਿਣਾ ਹੀ ਪੂਰਨ ਸਿੱਖ ਦਾ ਵੱਡਾ ਗੁਣ ਹੈ।

ਭਾਈ ਭਿਖਾਰੀ



Bhai Bhikhari

Bhai Bhikhari

One of the Sikhs of Guru Arjan Dev was very pious, well-bred, fulfilling the demands of the needy and of high character. One day he prayed to Guru Arjan Dev, "Please be kind and let me be given the privilege of meeting an accomplished Sikh so that I may be able to improve my life by learning from his way of life." Guru Arjan Dev told him, "If you want to behold an accomplished Sikh, go and see Bhai Bhikhari living in Gujrat."


The Sikh went to Gujrat and met Bhai Bhikhari there. Preparations were in progress at his house for the marriage of his son and there was great hustle and bustle. Bhai Bhikhari was sitting on one side stitching a shroud. Seeing the Sikh, he put aside the work in hand and received him. After that he resumed stitching the unfinished shroud. Seeing that, the Sikh asked him, "Why are you preparing this shroud ? What is the need for it ?" Bhai Bhikhari replied, "Stay with me for two or three days. You will get an answer to your question." At the bidding of Bhai Bhikhari, the Sikh stayed with him. Bhai Bhikhari took out some old gunny bags and sewing those into one large matting, folded it and placed it in a corner. Having finished this work, Bhai Bhikhari took the Sikh with him and busied himself in looking after the guests.

The next day, Bhai Bhikhari took the marriage party of his son to the bride's home. As per customs prevailing at that time Bhai Bhikhari carried out all the rituals of the marriage. After the marriage of the son, they brought the daughter-in-law home. Two days after the marriage, his son died suddenly. Bhai Bhikhari spread the matting which he had prepared two days earlier for those who had come for the condolence to sit on. After bathing the body of his dead son, he put on it, the shroud he had already prepared. The Sikh was much surprised to see that Bhai Bhikhari knew that his son would die after his marriage so he had prepared the matting and the shroud before hand.

After the cremation, the Sikh asked Bhai Bhikhari, "If you knew that your son would die after two days, why did you arrange his marriage ? Why did you make a girl a widow ? Why didn't you request Guru Arjan Dev to pray for the long life of your son ?" Bhai Bhikhari replied, "The body is destructible. It will be destroyed one day. The thing worthy of asking from the Guru is the knowledge to accept the will of God." On hearing this, the Sikh came to understand that to live in accordance with the will of God is the main virtue of an accomplished Sikh.

ਆਦਿ ਗ੍ਰੰਥ ਦੀ ਸਥਾਪਨਾ

The Installation of Adi Granth



ਆਦਿ ਗ੍ਰੰਥ ਦੀ ਸਥਾਪਨਾ

ਗੁਰੂ ਨਾਨਕ ਦੇਵ ਜੀ ਦਾ ਗੁਰੂ, ਸ਼ਬਦ ਸੀ ਅਤੇ ਉਨ੍ਹਾਂ ਸਾਰੀ ਉਮਰ ਆਪਣੇ ਸਿੱਖਾਂ ਨੂੰ ਸ਼ਬਦ ਦੇ ਲੜ ਲਗਾਉਣ ਦੀ ਕੋਸ਼ਿਸ਼ ਕੀਤੀ। ਜਿਹੜੇ ਮੁੱਢ-ਕਦੀਮ ਤੋਂ ਆਪਣੇ ਨਾਲੋਂ ਡਾਢਿਆਂ ਅੱਗੇ ਸਿਰ ਝੁਕਾਉਂਦੇ ਆ ਰਹੇ ਹੋਣ ਅਤੇ ਅਜਿਹੇ ਬਲਵਾਨਾਂ ਦੀਆਂ ਮੂਰਤੀਆਂ ਬਣਾ ਕੇ ਪੂਜਾ ਕਰਦੇ ਆ ਰਹੇ ਹੋਣ ਜਾਂ ਕਬਰਾਂ ਨੂੰ ਦੁਨੀਆਂ ਦੇ ਦੁਖ-ਸੁਖ ਦੇਣ ਵਾਲੀਆਂ ਮੰਨਦੇ ਆ ਰਹੇ ਹੋਣ, ਉਨ੍ਹਾਂ ਨੂੰ ਸੱਚ ਨੂੰ ਸਮਝਣ ਲਈ ਬੜੀ ਦੇਰ ਲੱਗਦੀ ਹੈ।

ਸੱਚ ਦੀ ਵਿਆਖਿਆ ਦੇ ਸ਼ਬਦ ਅਤੇ ਸੱਚ ਨੂੰ ਪਾਇਆ ਕਿਵੇਂ ਜਾ ਸਕਦਾ ਹੈ, ਦੀ ਬਾਣੀ ਜਿਵੇਂ ਜਿਵੇਂ ਗੁਰੂ ਨਾਨਕ ਦੇਵ ਜੀ ਪਾਸ ਪ੍ਰਗਟ ਹੋਈ, ਤਿਵੇਂ ਤਿਵੇਂ ਉਹ ਇਕ ਪੋਥੀ ਵਿਚ ਲਿਖਦੇ ਰਹੇ। ਉਨ੍ਹਾਂ ਆਪਣੀਆਂ ਫੇਰੀਆਂ ਵਿਚ ਭਗਤਾਂ ਦੀ ਬਾਣੀ ਵੀ ਇਕੱਠੀ ਕਰ ਕੇ ਉਸ ਪੋਥੀ ਵਿਚ ਦਰਜ ਕਰ ਦਿੱਤੀ ਸੀ। ਗੁਰੂ ਅੰਗਦ ਦੇਵ ਜੀ ਨੂੰ ਗੁਰ-ਗੱਦੀ ਦੇਣ ਸਮੇਂ ਉਨ੍ਹਾਂ ਨੇ ਉਹ ਬਾਣੀ ਦੀ ਪੋਥੀ ਵੀ ਨਾਲ ਦਿੱਤੀ, ਜਿਸ ਨੇ ਸਮਾਂ ਆਉਣ ਉੱਪਰ ਸਿੱਖਾਂ ਦੀ ਅਗਵਾਈ ਕਰਨ ਵਾਲਾ ਗੁਰੂ ਬਣਨਾ ਸੀ।

ਗੁਰੂ ਨਾਨਕ ਦੇਵ ਜੀ ਦੀ ਸ਼ੁਰੂ ਕੀਤੀ ਬਾਣੀ ਦੀ ਪੋਥੀ, ਗੁਰ-ਗੱਦੀ ਦੇ ਨਾਲ ਗੁਰੂ ਅਰਜਨ ਦੇਵ ਜੀ ਪਾਸ ਪੁੱਜ ਗਈ। ਉਸ ਪੋਥੀ ਵਿਚ ਸਮੇਂ ਦੇ ਨਾਲ ਨਾਲ ਬਾਕੀ ਗੁਰੂ ਸਾਹਿਬਾਨ ਵੀ ਆਪਣੀ ਰਚੀ ਬਾਣੀ ਲਿਖਦੇ ਰਹੇ। ਗੁਰੂ ਅਰਜਨ ਦੇਵ ਜੀ ਨੇ ਉਸ ਬਾਣੀ ਦੀ ਪੋਥੀ ਨੂੰ ਇਕ ਪੱਕੀ ਸ਼ਕਲ ਦੇਣ ਦਾ ਨਿਸਚਾ ਕੀਤਾ ਤਾਂ ਜੋ ਸੱਚੀ ਬਾਣੀ ਵਿਚ ਕੋਈ ਵੀ ਆਪਣੇ ਲਾਭ ਲਈ ਕੱਚੀ ਬਾਣੀ ਨਾ ਮਿਲਾ ਸਕੇ। ਕਿਉਂਕਿ ਉਨ੍ਹਾਂ ਦਿਨਾਂ ਵਿਚ ਪ੍ਰਿਥੀ ਚੰਦ ਅਤੇ ਮਿਹਰਬਾਨ ਨੇ ਆਪਣੀਆਂ ਪੋਥੀਆਂ ਆਪ ਰਚ ਲਈਆਂ ਸਨ, ਜਿਨ੍ਹਾਂ ਵਿਚ ਉਨ੍ਹਾਂ ਪੀਰਾਂ, ਪੈਗ਼ੰਬਰਾਂ ਦੀਆਂ ਵਾਰਾਂ ਲਿਖ ਕੇ ਸਿੱਖਾਂ ਨੂੰ ਭੁਲੇਖਾ ਪਾਉਣਾ ਸ਼ੁਰੂ ਕਰ ਦਿੱਤਾ ਸੀ। ਗੁਰੂ ਅਰਜਨ ਦੇਵ ਜੀ ਨੇ ਇਸ ਬੀਮਾਰੀ ਦਾ ਪੱਕਾ ਇਲਾਜ ਕਰਨ ਲਈ ਗ੍ਰੰਥ ਦੀ ਰਚਨਾ ਜ਼ਰੂਰੀ ਸਮਝੀ।

ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਪਾਸੋਂ ਬਾਣੀ ਦੀ ਤਰਤੀਬ ਰਾਗਾਂ ਦੇ ਹਿਸਾਬ ਕਰਵਾ ਦਿੱਤੀ, ਪਰ ਪੋਥੀ ਵਿਚ ਬਾਣੀ ਉਸੇ ਤਰ੍ਹਾਂ ਲਿਖੀ ਗਈ ਜਿਵੇਂ ਪ੍ਰਗਟ ਹੋਈ ਸੀ। ਇਸ ਗ੍ਰੰਥ ਨੂੰ ਤਿਆਰ ਕਰਨ ਲਈ ਤਿੰਨ ਸਾਲ ਲੱਗੇ। ਗ੍ਰੰਥ ਸਾਹਿਬ ਤਿਆਰ ਹੁੰਦਾ ਸੁਣ ਕੇ ਬਹੁਤ ਭਗਤ ਆਪਣੀ ਬਾਣੀ ਗ੍ਰੰਥ ਵਿਚ ਦਰਜ ਕਰਵਾਉਣ ਲਈ ਗੁਰੂ ਅਰਜਨ ਦੇਵ ਜੀ ਪਾਸ ਅੰਮ੍ਰਿਤਸਰ ਪੁਜੇ। ਕਈ ਭਗਤਾਂ ਦੀ ਬਾਣੀ ਦਰਜ ਕਰਨ ਤੋਂ ਗੁਰੂ ਜੀ ਨੇ ਇਨਕਾਰ ਕਰ ਦਿੱਤਾ, ਜਿਨ੍ਹਾਂ ਵਿਚੋਂ ਕਾਨ੍ਹਾ, ਛਜੂ, ਪੀਲੂ ਅਤੇ ਸ਼ਾਹ ਹੁਸੈਨ ਸਨ ਕਿਉਂਕਿ ਉਨ੍ਹਾਂ ਦੀ ਰਚਨਾ ਸੱਚੀ ਬਾਣੀ ਦੇ ਮਿਆਰ ਦੀ ਨਹੀਂ ਸੀ।

ਗ੍ਰੰਥ ਸਾਹਿਬ ਤਿਆਰ ਕਰ ਕੇ 30 ਅਗਸਤ, 1604 ਈ. ਨੂੰ ਹਰਿਮੰਦਰ ਸਾਹਿਬ ਪ੍ਰਕਾਸ਼ ਕੀਤਾ ਗਿਆ। ਇਹ ਗ੍ਰੰਥ ਉਸ ਸਮੇਂ ਸੱਚੀ ਬਾਣੀ ਦੀ ਪ੍ਰਮਾਣਿਕ ਕਸਵੱਟੀ ਬਣ ਗਿਆ। ਬਾਬਾ ਬੁੱਢਾ ਜੀ, ਪਹਿਲੇ ਗ੍ਰੰਥੀ ਥਾਪੇ ਗਏ। ਉਸ ਗ੍ਰੰਥ ਦੇ 974 ਪੱਤਰੇ ਸਨ। ਭਾਈ ਬੰਨੋ ਦਾ ਪਿੰਡ ਖਾਰਾ, ਜ਼ਿਲ੍ਹਾ ਗੁਜਰਾਤ ਵਿਚ ਸੀ। ਉਸ ਨੇ ਬੀੜ ਦਾ ਉਤਾਰਾ ਕੀਤਾ ਜਿਸ ਕਰਕੇ ਉਤਾਰੇ ਦੀ ਬੀੜ ਨੂੰ 'ਖਾਰਾ ਬੀੜ' ਕਰ ਕੇ ਜਾਣਿਆ ਗਿਆ। ਉਸ ਪਿਛੋਂ ਹੋਰ ਵੀ ਉਤਾਰੇ ਕੀਤੇ ਗਏ।

The Installation of Adi Granth

The spiritual guide of Guru Nanak Dev was the Word and throughout his life he tried to attach his Sikhs to the Word. For those who, for generations, have been bowing to the mighty and worshipping the idols of heroes or believed the graves to be the givers of pains and pleasures. It takes a lot of time for such people to realise the truth.

Guru Nanak Dev kept writing in a book (Pothi) the Word, explaining the meaning of truth and the way of realising it, as and when these were revealed to him. He also recorded in that book the hymns of the saints which he collected during his long journeys. When he handed over the leadership of the Sikhs to Guru Angad Dev, he also entrusted him that book which was to become the Guru of the Sikhs to lead them.

The book of hymns started by Guru Nanak Dev, came to Guru Arjan Dev along with the leadership of Sikhs. The succeeding Gurus also kept on adding the hymns composed by them with the march of time. Guru Arjan Dev decided to give that book of hymns a definite shape so that nobody may be able to mix raw word in the true Word for his own benefit. One reason for this was that in those days Prithi Chand and Meharban had compiled their own books in which they had written ballads in the praise of saints and prophets and started misleading the Sikhs. To have a lasting cure for this malady Guru Arjan Dev thought it essential to compile the Granth.

Guru Arjan Dev got Bhai Gurdas to arrange the hymns in accordance with musical modes whereas in the book it had been written as revealed. It took three years to prepare this Granth. When the word of the preparation of the Granth spread, many holy men came to Guru Arjan Dev at Amritsar to get their hymns included in it. The Guru declined to include the hymns of some holy men including Kanha, Chhajju, Piloo and Shah Hussain because their writings were not of the standard of the 'True Word'.

After compilation, the Granth was formally installed in the Harmandir Sahib on 30th August, 1604 A.D. This Granth became the touchstone of the True Word at that time. Baba Budha was appointed the first granthi (one who reads and interprets the Granth). That Granth had nine hundred and seventy-four leaves. Bhai Banno was a resident of village Khara in Gujrat district. He prepared a copy of the holy Granth at his village Khara due to which it was known as 'Khara beer . Many more copies were made after that.

ਅਕਬਰ ਪਾਸ ਸ਼ਿਕਾਇਤ

ਗੁਰੂ ਅਰਜਨ ਦੇਵ ਜੀ ਪਾਸ ਕਾਨ੍ਹਾ ਭਗਤ ਆਪਣੀ ਰਚਨਾ ਗ੍ਰੰਥ ਸਾਹਿਬ ਵਿਚ ਦਰਜ ਕਰਵਾਉਣ ਲਈ ਲੈ ਕੇ ਅੰਮ੍ਰਿਤਸਰ ਆਇਆ ਸੀ। ਗੁਰੂ ਅਰਜਨ ਦੇਵ ਜੀ ਨੇ ਉਸ ਦੀ ਰਚਨਾ ਗ੍ਰੰਥ ਸਾਹਿਬ ਵਿਚ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਹ ਸੱਚੀ ਬਾਣੀ ਦੇ ਅਨੁਕੂਲ ਨਹੀਂ ਸੀ। ਉਹ ਲਾਹੌਰ ਦਾ ਰਹਿਣ ਵਾਲਾ ਸੀ ਅਤੇ ਰਿਸ਼ਤੇ ਵਿਚ ਚੰਦੂ ਦੇ ਚਾਚੇ ਦਾ ਪੁੱਤਰ ਸੀ। ਚੰਦੂ ਉਪਰ ਉਸ ਨੂੰ ਮਾਣ ਸੀ ਕਿਉਂਕਿ ਉਹ ਅਕਬਰ ਬਾਦਸ਼ਾਹ ਦਾ ਵਜ਼ੀਰ ਸੀ। ਕਾਨ੍ਹਾ ਦਿੱਲੀ ਜਾ ਕੇ ਆਪਣੇ ਭਰਾ ਚੰਦੂ ਨੂੰ ਮਿਲ ਕੇ ਅਕਬਰ ਪਾਸ ਗੁਰੂ ਅਰਜਨ ਦੇਵ ਦੀ ਸ਼ਿਕਾਇਤ ਕਰਨ ਦੀ ਸੋਚ ਰਿਹਾ ਸੀ। ਦਿੱਲੀ ਨੂੰ ਚੱਲਣ ਤੋਂ ਪਹਿਲਾਂ ਉਸ ਦੀ ਮੌਤ ਹੋ ਗਈ।

ਕਾਨ੍ਹੇ ਦੀ ਮੌਤ ਹੋਣ ਉਪਰੰਤ, ਬ੍ਰਾਹਮਣਾਂ ਅਕਬਰ ਪਾਸ ਜਾ ਸ਼ਿਕਾਇਤ ਕੀਤੀ ਕਿ ਗੁਰੂ ਅਰਜਨ ਦੇਵ ਨੇ ਕਾਨ੍ਹੇ ਨੂੰ ਉਦੋਂ ਮਰਵਾ ਦਿੱਤਾ ਜਦੋਂ ਉਹ ਆਪ ਨੂੰ ਦੱਸਣ ਲਈ ਆ ਰਿਹਾ ਸੀ ਕਿ ਗੁਰੂ ਅਰਜਨ ਦੇਵ ਨੇ ਇਕ ਗ੍ਰੰਥ ਤਿਆਰ ਕੀਤਾ ਹੈ, ਜਿਸ ਵਿਚ ਉਨ੍ਹਾਂ ਨੇ ਮੁਸਲਮਾਨ ਪੀਰਾਂ, ਪੈਗ਼ੰਬਰਾਂ, ਹਿੰਦੂ ਦੇਵੀ-ਦੇਵਤਿਆਂ ਅਤੇ ਅਵਤਾਰਾਂ ਦੀ ਨਿੰਦਿਆ ਕੀਤੀ ਹੈ। ਅਕਬਰ ਨੇ ਸ਼ਿਕਾਇਤ ਕਰਨ ਵਾਲਿਆਂ ਨੂੰ ਇਹ ਕਹਿ ਕੇ ਵਾਪਸ ਭੇਜ ਦਿੱਤਾ ਕਿ ਜਦੋਂ ਉਹ ਪੰਜਾਬ ਦੇ ਦੌਰੇ ਉੱਪਰ ਜਾਵੇਗਾ ਤਾਂ ਆਪ ਉਸ ਗ੍ਰੰਥ ਨੂੰ ਦੇਖੇਗਾ।

ਅਕਬਰ 1605 ਈ. ਦੇ ਸ਼ੁਰੂ ਵਿਚ ਪੰਜਾਬ ਦੇ ਦੌਰੇ ਉੱਪਰ ਆਇਆ। ਬਟਾਲੇ ਪੁੱਜ ਕੇ ਉਸ ਨੇ ਗੁਰੂ ਅਰਜਨ ਦੇਵ ਨੂੰ ਤਿਆਰ ਕੀਤਾ ਗ੍ਰੰਥ ਲੈ ਕੇ ਹਾਜ਼ਰ ਹੋਣ ਲਈ ਲਿਖਿਆ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਗ੍ਰੰਥ ਸਾਹਿਬ ਲੈ ਕੇ ਪੁੱਜੇ। ਅਕਬਰ ਨੇ ਵਿਚੋਂ ਪੜ੍ਹ ਕੇ ਸੁਣਾਉਣ ਲਈ ਕਿਹਾ। ਬਾਬਾ ਬੁੱਢਾ ਜੀ ਨੇ ਪੜ੍ਹਨਾ ਸ਼ੁਰੂ ਕੀਤਾ। ਪਹਿਲਾ ਵਾਕ ਆਇਆ :

ਖਾਕ ਨੂਰ ਕਰਦੰ ਆਲਮ ਦੁਨੀਆਇ॥ ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ॥
ਬੰਦੇ ਚਸਮ ਦੀਦੰ ਫਨਾਇ॥ ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ॥

ਰਾਗ ਤਿਲੰਗ ਮ: 5, ਪੰਨਾ 723

ਦੂਜਾ ਵਾਕ ਆਇਆ :

ਅਲਹ ਅਗਮ ਖੁਦਾਈ ਬੰਦੇ॥ ਛੋਡਿ ਖਿਆਲ ਦੁਨੀਆ ਕੇ ਧੰਧੇ॥
ਹੋਇ ਪੈਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ॥

ਰਾਗ ਮਾਰੂ ਮ: 5, ਪੰਨਾ 1083


ਅਕਬਰ ਦੇ ਕਹਿਣ ਉੱਪਰ ਤੀਜਾ ਵਾਕ ਲਿਆ ਗਿਆ :

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥

ਰਾਗ ਪ੍ਰਭਾਤੀ ਕਬੀਰ ਜੀਉ, ਪੰਨਾ 1349

ਅਕਬਰ ਨੇ ਇਹ ਵਾਕ ਸੁਣ ਕੇ ਕਿਹਾ, "ਇਹ ਗ੍ਰੰਥ ਤਾਂ ਤਾਰੀਫ਼ ਕਰਨ ਦੇ ਯੋਗ ਹੈ। ਇਸ ਵਿਚ ਮੈਨੂੰ ਪ੍ਰਮਾਤਮਾ ਦੀ ਬੰਦਗੀ ਤੋਂ ਬਿਨਾਂ ਹੋਰ ਕੁਝ ਨਜ਼ਰ ਨਹੀਂ ਆਇਆ। ਇਸ ਵਿਚ ਪ੍ਰਮਾਤਮਾ ਤੋਂ ਬਿਨਾਂ ਹੋਰ ਕਿਸੇ ਦੀ ਉਸਤਤਿ ਨਹੀਂ ਅਤੇ ਨਾ ਹੀ ਕਿਸੇ ਹੋਰ ਦੀ ਨਿੰਦਿਆ ਹੈ।" ਉਸ ਨੇ ਖ਼ੁਸ਼ ਹੋ ਕੇ ਗ੍ਰੰਥ ਸਾਹਿਬ ਅੱਗੇ ਪੰਜ ਸੌ ਮੋਹਰਾਂ ਰੱਖ ਕੇ ਮੱਥਾ ਟੇਕਿਆ। ਆਗਰੇ ਨੂੰ ਵਾਪਸ ਜਾਂਦਾ ਹੋਇਆ ਅਕਬਰ ਗੁਰੂ ਅਰਜਨ ਦੇਵ ਜੀ ਨੂੰ ਅੰਮ੍ਰਿਤਸਰ ਮਿਲ ਕੇ ਗਿਆ।

ਅਕਬਰ ਪਾਸ ਸ਼ਿਕਾਇਤ



Complaint to Akbar

Complaint to Akbar

A hermit named Kanha had come to Guru Arjan Dev at Amritsar to get his ballads included in the holy Granth. Guru Arjan Dev declined to include his composition into the Granth because it was not in keeping with the True Word. He was resident of Lahore and was Chandu's cousin. He was proud of Chandu because he was one of the ministers of King Akbar. Kanha was thinking of meeting Chandu at Delhi and complaining to Akbar through him against Guru Arjan Dev. He died before proceeding to Delhi.

After the death of Kanha, Brahmins went to Akbar and complained, "Guru Arjan Dev has killed Kanha at the time when he was coming to you to tell that he has compiled a book in which he has decried Muslim saints and prophets and Hindu gods and goddesses." Akbar sent back the accusers with the words that he would, himself, see that book on his tour of Punjab.

Akbar came to Punjab in the beginning of 1605 A.D. On reaching Batala, he wrote to Guru Arjan Dev to present himself along with the Granth. Baba Budha and Bhai Gurdas went along with the Granth. Akbar asked them to read to him from inside. Baba Budha started reading. The first random hymn was from Rag Tilang M.5, p. 723 :

From earth and the divine light is the universe, the world created.
Sky, earth, vegetation, water are all God's creations.
Thou creature of God ! All that is visible to the eye, is mortal.

The second random hymn was from Rag Maaru M. 5, p. 1083 :


Thou creature of the divine being who is inaccessible,
discard thoughts of worldly concerns.
Become the dust of the feet of God's medicants,
consider thyself a wayfarer.

On Akbar's demand, the third hymn was from Rag Parbhati Kabir, p. 1349 :

God first created light all else to His might subject
Since from one light is the whole world created
Who is noble, who is inferior ?

Having listened to the hymns from the Granth, Akbar said, "This Granth is admirable. I have not seen anything but hymns in the glory of God. It contains praise of no one but God and there is no derogatory remarks about anyone." He was pleased and paid obeisance to the Adi Granth placing five hundred gold coins before it as offering. He met Guru Arjan Dev on his way back to Agra.

ਚੰਦੂ ਦਾ ਹੰਕਾਰ



Chandu's Pride

ਚੰਦੂ ਦਾ ਹੰਕਾਰ

ਗੁਰੂ ਅਰਜਨ ਦੇਵ ਜੀ ਦੇ ਪੁੱਤਰ ਸ੍ਰੀ ਹਰਿਗੋਬਿੰਦ ਜੀ ਨੌ ਸਾਲਾਂ ਦੇ ਹੋਏ ਤਾਂ ਚੰਦੂ ਦੇ ਬ੍ਰਾਹਮਣਾਂ ਨੇ ਉਨ੍ਹਾਂ ਨੂੰ ਚੰਦੂ ਦੀ ਲੜਕੀ ਲਈ ਪਸੰਦ ਕਰ ਕੇ ਵਜ਼ੀਰ ਚੰਦੂ ਨੂੰ ਲਿਖ ਭੇਜਿਆ। ਚੰਦੂ ਨੂੰ ਦਿੱਲੀ ਦੇ ਬਾਦਸ਼ਾਹ ਦਾ ਵਜ਼ੀਰ ਹੋਣ ਦਾ ਬਹੁਤ ਹੰਕਾਰ ਸੀ। ਚੰਦੂ ਨੂੰ ਜਦੋਂ ਬ੍ਰਾਹਮਣਾਂ ਦੀ ਪਸੰਦ ਦਾ ਸੁਨੇਹਾ ਮਿਲਿਆ, ਉਸ ਸਮੇਂ ਉਹ ਬਾਦਸ਼ਾਹ ਦੇ ਦਰਬਾਰ ਵਿਚ ਬੈਠਾ ਸੀ। ਸੁਨੇਹਾ ਮਿਲਣ ਸਾਰ ਉਸ ਨੇ ਕਿਹਾ, "ਬ੍ਰਾਹਮਣਾਂ ਨੇ ਚੰਗਾ ਨਹੀਂ ਕੀਤਾ, ਮੇਰੀ ਲੜਕੀ ਚੁਬਾਰੇ ਦੀ ਇੱਟ ਨਿਆਈਂ ਸੀ, ਉਨ੍ਹਾਂ ਮੋਰੀ ਵਰਗੀ ਕੁੱਲ ਵਿਚ ਲਗਾ ਦਿੱਤੀ।" ਚੰਦੂ ਨੇ ਆਪਣੇ ਆਪ ਨੂੰ ਸ਼ਾਹੀ ਖ਼ਾਨਦਾਨ ਦਾ ਸਮਝਿਆ ਅਤੇ ਗੁਰੂ ਘਰ ਨੂੰ ਫ਼ਕੀਰਾਂ ਦੀ ਕੁੱਲੀ ਬਣਾ ਦਿੱਤਾ। ਚੰਦੂ ਦਾ ਕਹਿਣਾ, ਦੀਵਾਨ ਵਿਚ ਬੈਠੇ ਸਿੱਖਾਂ ਨੂੰ ਚੰਗਾ ਨਾ ਲੱਗਿਆ। ਉਨ੍ਹਾਂ ਸਲਾਹ ਕਰ ਕੇ ਗੁਰੂ ਅਰਜਨ ਦੇਵ ਜੀ ਨੂੰ ਚਿੱਠੀ ਲਿਖ ਦਿੱਤੀ, ਜਿਸ ਵਿਚ ਬੇਨਤੀ ਕੀਤੀ, "ਚੰਦੂ ਹੰਕਾਰੀ ਦਾ ਰਿਸ਼ਤਾ ਨਹੀਂ ਲੈਣਾ ਕਿਉਂਕਿ ਉਸ ਨੇ ਗੁਰੂ ਘਰ ਦੀ ਸ਼ਾਨ ਵਿਚ ਵੱਧ-ਘੱਟ ਕਿਹਾ ਹੈ।" ਚੰਦੂ ਲਾਲ ਖੱਤ੍ਰੀ, ਰੁਹੇਲੇ ਪਿੰਡ, ਜ਼ਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਸੀ।

ਦਿੱਲੀ ਦੇ ਸਿੱਖਾਂ ਦੀ ਚਿੱਠੀ ਗੁਰੂ ਅਰਜਨ ਦੇਵ ਜੀ ਪਾਸ, ਬ੍ਰਾਹਮਣਾਂ ਦੇ ਸ਼ਗਨ ਲੈ ਕੇ ਪੁੱਜਣ ਤੋਂ ਪਹਿਲਾਂ ਪੁੱਜ ਗਈ। ਚੰਦੂ ਦੀ ਲੜਕੀ ਦਾ ਸ਼ਗਨ ਲੈ ਕੇ ਬ੍ਰਾਹਮਣ ਜਦੋਂ ਪੁੱਜੇ ਤਾਂ ਗੁਰੂ ਅਰਜਨ ਦੇਵ ਜੀ ਨੇ ਰਿਸ਼ਤਾ ਲੈਣ ਤੋਂ ਨਾਂਹ ਕਰ ਦਿੱਤੀ। ਦੀਵਾਨ ਵਿਚ ਬੈਠੇ ਡੱਲੇ ਪਿੰਡ ਦੇ ਭਾਈ ਨਾਰਾਇਣ ਦਾਸ ਨੇ,ਆਪਣੀ ਪੁੱਤਰੀ ਦਮੋਦਰੀ ਦੇ ਰਿਸ਼ਤੇ ਲਈ,ਖੜ੍ਹੇ ਹੋ ਕੇ ਗੁਰੂ ਜੀ ਪਾਸ ਬੇਨਤੀ ਕੀਤੀ। ਉਨ੍ਹਾਂ ਨੇ ਸ੍ਰੀ ਹਰਿਗੋਬਿੰਦ ਲਈ ਰਿਸ਼ਤਾ ਪ੍ਰਵਾਨ ਕਰ ਕੇ ਸਗਾਈ ਕਰ ਦਿੱਤੀ।

ਦਿੱਲੀ ਵਾਪਸ ਜਾ ਕੇ ਬ੍ਰਾਹਮਣਾਂ ਨੇ ਚੰਦੂ ਨੂੰ ਸ਼ਗਨ ਵਾਪਸ ਹੋਣ ਬਾਰੇ ਦੱਸਿਆ। ਉਸ ਨੂੰ ਬਹੁਤ ਅਫ਼ਸੋਸ ਹੋਇਆ। ਉਸ ਨੇ ਇਕ ਲੱਖ ਰੁਪਿਆ ਦੇ ਕੇ ਬ੍ਰਾਹਮਣਾਂ ਨੂੰ ਗੁਰੂ ਜੀ ਪਾਸ ਭੇਜਿਆ। ਉਸ ਦਾ ਖ਼ਿਆਲ ਸੀ ਕਿ ਪੈਸੇ ਦੇ ਲਾਲਚ ਵਿਚ ਆ ਕੇ ਗੁਰੂ ਜੀ ਸ਼ਗਨ ਲੈ ਲੈਣਗੇ ਪਰ ਉਨ੍ਹਾਂ ਰਿਸ਼ਤਾ ਲੈਣਾ ਨਾ ਮੰਨਿਆ। ਚੰਦੂ ਨੇ ਅਕਬਰ ਪਾਸ ਸ਼ਿਕਾਇਤ ਕੀਤੀ। ਅਕਬਰ ਨੇ ਕੋਈ ਧਿਆਨ ਨਾ ਦਿੱਤਾ।

17 ਅਕਤੂਬਰ, 1605 ਈ. ਨੂੰ ਅਕਬਰ ਸੰਸਾਰ ਤੋਂ ਚਲਾਣਾ ਕਰ ਗਿਆ। ਉਸ ਨੇ ਮਰਨ ਤੋਂ ਪਹਿਲਾਂ ਆਪਣਾ ਰਾਜ ਆਪਣੇ ਪੁੱਤਰ ਜਹਾਂਗੀਰ ਨੂੰ ਸੌਂਪ ਦਿੱਤਾ। ਜਹਾਂਗੀਰ ਦੇ ਬਾਦਸ਼ਾਹ ਬਣਨ ਉੱਪਰ ਚੰਦੂ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਿਕਾਇਤ ਉਸ ਪਾਸ ਕੀਤੀ। ਉਸ ਨੇ ਸ਼ਿਕਾਇਤ ਸੁਣ ਲਈ ਕਿਉਂਕਿ ਉਹ ਆਪ ਗੁਰੂ ਘਰ ਦਾ ਵਿਰੋਧੀ ਸੀ। ਜਹਾਂਗੀਰ ਕਿਸੇ ਬਹਾਨੇ ਦੀ ਭਾਲ ਕਰਨ ਲੱਗਾ ਜਿਸ ਨਾਲ ਗੁਰੂ ਅਰਜਨ ਦੇਵ ਜੀ ਨੂੰ ਦੰਡ ਦਿੱਤਾ ਜਾ ਸਕੇ। ਚੰਦੂ ਆਪਣੀ ਹਰ ਕੋਸ਼ਿਸ਼ ਕਰ ਰਿਹਾ ਸੀ ਕਿ ਕਿਵੇਂ ਨਾ ਕਿਵੇਂ ਉਸ ਦੀ ਲੜਕੀ ਉਸ ਘਰ ਚਲੀ ਜਾਵੇ, ਜਿੱਥੇ ਉਸ ਦੀ ਮੰਗਣੀ ਦੀ ਗੱਲਬਾਤ ਕੀਤੀ ਗਈ ਸੀ ਅਤੇ ਸ਼ਗਨ ਭੇਜਿਆ ਗਿਆ ਸੀ। ਚੰਦੂ ਆਪਣੀ ਲੜਕੀ ਦੀ ਸ਼ਾਦੀ ਕਿਸੇ ਹੋਰ ਘਰ ਨਹੀਂ ਕਰ ਸਕਦਾ ਸੀ ਕਿਉਂਕਿ ਹਿੰਦੂ ਧਰਮ ਦੇ ਹਿਸਾਬ ਉਸ ਦੀ ਮੰਗਣੀ ਹੋ ਚੁੱਕੀ ਸੀ। ਦੂਜੀ ਥਾਂ ਉਸ ਦੀ ਮੰਗਣੀ ਨਹੀਂ ਕੀਤੀ ਜਾ ਸਕਦੀ ਸੀ।

Chandu's Pride

When (Guru) Hargobind, son of Guru Arjan Dev, was nine years old, Chandu's Brahmins thought him suitable for marriage with his daughter and wrote to him about it at Delhi. Chandu was very proud being one of the ministers of the King of Delhi. When Chandu got the words about the choice of the Brahmins, he was sitting in the royal court. On getting the message he said, "Brahmins have not done well. My daughter was like a brick meant for tall tower. They have fixed her in a hole to block the drain." Chandu deemed himself to belong to a royal family and linked the Guru's institution to a beggar's hut. The Sikhs sitting in the court did not like Chandu's comment. They held mutual consultation and wrote to Guru Arjan Dev, "Please do not accept the relationship of arrogant Chandu because he has uttered derogatory words for the Guru's institution." Chandu Lal, a kshatri by caste, was a resident of village Ruhela, district Gurdaspur.

The letter of the Sikhs reached Guru Arjan Dev ahead of the arrival of Brahmins. When the Brahmins reached with shagan (token of betrothal) of Chandu's daughter, Guru Arjan Dev declined the offer. Bhai Narain Dass of village Dalla sitting in the congregation, stood up and requested the Guru to accept the hand of his daughter, Damodari, for his son. The Guru accepted the proposal for Sri Hargobind and performed the betrothal ceremony.

Returning to Delhi, the Brahmins told Chandu about the refusal. He was very annoyed to hear that. He sent the Brahmins to the Guru with one hundred thousand rupees. He was of the view that Guru Arjan Dev would accept the offer by temptation for money but the Guru did not agree. Chandu complained to Akbar but Akbar paid no attention.

Akbar breathed his last on the 17th October, 1605. Before his death, he entrusted his kingdom to his son, Jahangir. When Jahangir became the King, Chandu complained to him about Guru Arjan Dev. He listened to the complaint because he, himself was an opponent of the Guru's institution. Jahangir began to look for an excuse to punish Guru Arjan Dev. Chandu was making every effort that somehow or other his daughter may go to the house where talks about her betrothal had been gone through and token of betrothal had been sent. Chandu could not marry his daughter to anyone else because, according to Hindu tradition she had been betrothed and she could not be betrothed anywhere else.

ਚੰਦੂ ਦੀ ਵਿਰੋਧਤਾ

1605 ਈ. ਵਿਚ ਜਹਾਂਗੀਰ ਨੇ ਦਿੱਲੀ ਦਾ ਰਾਜ ਸੰਭਾਲਣ ਪਿਛੋਂ ਸੁਲਹੀ ਖ਼ਾਂ ਨੂੰ ਕੁਝ ਫ਼ੌਜ ਦੇ ਕੇ ਪੰਜਾਬ ਦਾ ਮਾਮਲਾ ਇਕੱਠਾ ਕਰ ਕੇ ਲਿਆਉਣ ਲਈ ਤਿਆਰ ਕੀਤਾ। ਚੰਦੂ ਵਜ਼ੀਰ ਨੂੰ ਆਪਣੀ ਲੜਕੀ ਦਾ ਰਿਸ਼ਤਾ ਮੋੜਨ ਦਾ ਗੁਰੂ ਅਰਜਨ ਦੇਵ ਜੀ ਉੱਪਰ ਬਹੁਤਾ ਗੁੱਸਾ ਸੀ। ਉਸ ਨੇ ਬਦਲਾ ਲੈਣ ਲਈ ਜਾਣ ਲੱਗੇ ਸੁਲਹੀ ਖ਼ਾਂ ਨੂੰ ਇਹ ਵੀ ਹੁਕਮ ਕਰ ਦਿੱਤਾ, "ਗੁਰੂ ਅਰਜਨ ਦੇਵ ਨੂੰ ਹਰ ਹੀਲੇ ਅੰਮ੍ਰਿਤਸਰ ਵਿਚੋਂ ਕੱਢ ਦਿੱਤਾ ਜਾਵੇ। ਉਸਦੀ ਥਾਂ ਉਸਦੇ ਵੱਡੇ ਭਰਾ ਪ੍ਰਿਥੀ ਚੰਦ ਨੂੰ ਗੁਰ-ਗੱਦੀ ਸੌਂਪ ਦਿੱਤੀ ਜਾਵੇ; ਕਿਉਂਕਿ ਪ੍ਰਿਥੀ ਚੰਦ ਉਸਦਾ ਵੱਡਾ ਭਰਾ ਹੈ, ਇਸ ਲਈ ਗੱਦੀ ਦਾ ਹੱਕ ਪ੍ਰਿਥੀ ਚੰਦ ਦਾ ਬਣਦਾ ਹੈ।" ਸੁਲਹੀ ਖ਼ਾਂ ਆਪਣੀ ਫ਼ੌਜ ਲੈ ਕੇ ਪੰਜਾਬ ਪੁੱਜ ਗਿਆ।


ਪ੍ਰਿਥੀ ਚੰਦ ਨੂੰ ਜਦੋਂ ਸੁਲਹੀ ਖ਼ਾਂ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਸੁਲਹੀ ਖ਼ਾਂ ਨੂੰ ਲਾਹੌਰ ਪੁੱਜਣ ਤੋਂ ਪਹਿਲਾਂ ਹੀ ਅੱਗੇ ਹੋ ਕੇ ਮਿਲਿਆ। ਪ੍ਰਿਥੀ ਚੰਦ ਨੇ ਉਸ ਦੀ ਬਹੁਤ ਆਉ-ਭਗਤ ਕੀਤੀ ਅਤੇ ਆਪਣੇ ਪਾਸ ਹਹੇਰੀ ਰਾਤ ਰਹਿਣ ਲਈ ਮਨਾ ਲਿਆ। ਸ਼ਾਮ ਨੂੰ ਪ੍ਰਿਥੀ ਚੰਦ ਸੁਲਹੀ ਖ਼ਾਂ ਨੂੰ ਆਪਣਾ ਨਵਾਂ ਲਗਾਇਆ ਭੱਠਾ ਦਿਖਾਉਣ ਲਈ ਲੈ ਗਿਆ। ਸੁਲਹੀ ਖ਼ਾਂ ਆਪਣੇ ਘੋੜੇ ਉੱਪਰ ਸਵਾਰ ਸੀ ਅਤੇ ਭੱਠਾ ਦੇਖ ਰਿਹਾ ਸੀ। ਉਸ ਦਾ ਘੋੜਾ ਕਿਸੇ ਕਾਰਨ ਡਰ ਗਿਆ ਅਤੇ ਉੱਛਲ ਕੇ ਭੱਠੇ ਵਿਚ ਡਿੱਗ ਗਿਆ। ਸੁਲਹੀ ਖ਼ਾਂ ਅਤੇ ਉਸ ਦਾ ਘੋੜਾ ਦੋਵੇਂ ਭੱਠੇ ਦੀ ਅੱਗ ਵਿਚ ਸੜ ਕੇ ਮਰ ਗਏ। ਗੁਰੂ ਅਰਜਨ ਦੇਵ ਜੀ ਨੂੰ ਸਿੱਖਾਂ ਨੇ ਸੁਲਹੀ ਖ਼ਾਂ ਦੀ ਮੌਤ ਦੀ ਖ਼ਬਰ ਸੁਣਾਈ ਅਤੇ ਇਹ ਵੀ ਦੱਸਿਆ ਕਿ ਉਹ ਆਪ ਨੂੰ ਅੰਮ੍ਰਿਤਸਰ ਵਿਚੋਂ ਕੱਢਣ ਲਈ ਆ ਰਿਹਾ ਸੀ। ਗੁਰੂ ਅਰਜਨ ਦੇਵ ਜੀ ਨੇ ਪ੍ਰਮਾਤਮਾ ਦਾ ਸ਼ੁਕਰ ਕਰਦੇ ਹੋਏ ਸ਼ਬਦ ਉਚਾਰਿਆ:

ਸੁਲਹੀ ਤੇ ਨਾਰਾਇਣ ਰਾਖੁ ॥
ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥ *ਰਾਗ ਬਿਲਾਵਲ ਮ: 5, ਪੰਨਾ 825*

ਇਸਲਾਮ ਧਰਮ ਵਿਚ ਮਰੇ ਹੋਏ ਨੂੰ ਦਬਾਉਂਦੇ ਹਨ ਸਾੜਦੇ ਨਹੀਂ। ਸਾੜਨਾ ਇਸਲਾਮ ਵਿਚ ਅਪਵਿੱਤਰ ਹੈ। ਸੁਲਹੀ ਖ਼ਾਂ ਅੱਗ ਵਿਚ ਸੜ ਕੇ ਮਰਨ ਨਾਲ ਨਾਪਾਕ ਹੋ ਗਿਆ।

ਸੁਲਹੀ ਖ਼ਾਂ ਦੀ ਮੌਤ ਦਾ ਜਦੋਂ ਉਸ ਦੇ ਭਤੀਜੇ ਸੁਲਬੀ ਖ਼ਾਂ ਨੂੰ ਪਤਾ ਲੱਗਾ ਤਾਂ ਉਸ ਨੇ ਚੰਦੂ ਨੂੰ ਕਿਹਾ, "ਮੇਰੇ ਚਾਚੇ ਨੂੰ (ਗੁਰੂ) ਅਰਜਨ ਦੇਵ ਨੇ ਆਪਣੇ ਜਾਦੂ ਨਾਲ ਭੱਠੇ ਵਿਚ ਸੁੱਟ ਕੇ ਮਰਵਾਇਆ ਹੈ। ਮੈਂ ਆਪਣੇ ਚਾਚੇ ਦੀ ਮੌਤ ਦਾ ਬਦਲਾ ਉਸ ਪਾਸੋਂ ਲੈਣਾ ਚਾਹੁੰਦਾ ਹਾਂ।" ਚੰਦੂ ਤਾਂ ਆਪ ਚਾਹੁੰਦਾ ਸੀ ਕਿਵੇਂ ਨਾ ਕਿਵੇਂ ਗੁਰੂ ਅਰਜਨ ਦੇਵ ਜੀ ਨੂੰ ਤੰਗ ਕੀਤਾ ਜਾਵੇ। ਉਸ ਨੇ ਜਹਾਂਗੀਰ ਪਾਸੋਂ ਸੁਲਬੀ ਖ਼ਾਂ ਨੂੰ ਬਦਲਾ ਲੈਣ ਦੀ ਆਗਿਆ ਲੈ ਦਿੱਤੀ। ਸੁਲਬੀ ਖ਼ਾਂ ਆਪਣੀ ਫ਼ੌਜ ਲੈ ਕੇ ਲਾਹੌਰ ਤੋਂ ਅੰਮ੍ਰਿਤਸਰ ਵੱਲ ਚੱਲ ਪਿਆ। ਰਸਤੇ ਵਿਚ ਦਰਿਆ ਬਿਆਸ ਦੇ ਕਿਨਾਰੇ ਉਸ ਦਾ ਝਗੜਾ ਆਪਣੇ ਇਕ ਸਰਦਾਰ ਹਸਨ ਅਲੀ ਨਾਲ ਹੋ ਗਿਆ, ਜਿਹੜਾ ਆਪਣੀ ਅਤੇ ਆਪਣੇ ਆਦਮੀਆਂ ਦੀ ਇਕ ਸਾਲ ਦੀ ਪਿਛਲੀ ਰਹਿੰਦੀ ਤਨਖ਼ਾਹ ਮੰਗ ਰਿਹਾ ਸੀ। ਸੁਲਬੀ ਖ਼ਾਂ ਨੇ ਕਿਹਾ, "ਮੈਨੂੰ ਪਿਛਲੀ ਤਨਖ਼ਾਹ ਦਾ ਕੋਈ ਪਤਾ ਨਹੀਂ। ਲਾਹੌਰ ਵਾਪਸ ਮੁੜ ਕੇ ਆਪ ਦਾ ਹਿਸਾਬ ਕਰ ਕੇ ਸਾਰੀ ਪਿਛਲੀ ਤਨਖ਼ਾਹ ਦੇ ਦਿੱਤੀ ਜਾਵੇਗੀ।" ਹਸਨ ਅਲੀ ਨੂੰ ਮੰਗ ਪੂਰੀ ਹੁੰਦੀ ਨਜ਼ਰ ਨਾ ਆਈ ਤਾਂ ਉਸ ਨੇ ਤਲਵਾਰ ਨਾਲ ਸੁਲਬੀ ਖ਼ਾਂ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ। ਸੁਲਬੀ ਖ਼ਾਂ ਦੇ ਇਸ ਤਰ੍ਹਾਂ ਮਾਰੇ ਜਾਣ ਉੱਪਰ ਚੰਦੂ ਦੀ ਆਸ, ਗੁਰੂ ਅਰਜਨ ਦੇਵ ਨੂੰ ਅੰਮ੍ਰਿਤਸਰ ਵਿਚੋਂ ਕੱਢਣ ਦੀ, ਅਧੂਰੀ ਰਹਿ ਗਈ।

ਚੰਦੂ ਦੀ ਵਿਰੋਧਤਾ



Chandu's Ill-will

Chandu's Ill Will

Jahangir ascended the throne of Delhi in 1605 A.D. He got Sulhi Khan ready with an army to go for the collection of revenue from Punjab. The Minister Chandu held a strong grudge against Guru Arjan Dev for refusing the hand of his daughter for his son. To take revenge, he instructed Sulhi Khan at the time of departure, "Guru Arjan Dev must be evicted from Amritsar. In his place, his elder brother, Prithi Chand, be entrusted with the leadership of the Sikhs. Being the eldest brother, Prithi Chand has the right to the seat of leadership." Sulhi Khan reached Punjab with his army.

When Prithi Chand came to know about the arrival of Sulhi Khan, he went to receive him in advance before he reached Lahore. He was given warm hospitality by Prithi Chand and was convinced to stay with him for the night at village Haheri. In the evening, Prithi Chand took Sulhi Khan to show him his new kiln for baking bricks. Sulhi Khan was riding his horse and viewing the kiln. His horse was frightened due to some reason. The horse jumped and fell into the kiln. Both Sulhi Khan and his horse were burnt alive to death in the fire of the kiln. Sikhs conveyed the news of the death of Sulhi Khan to Guru Arjan Dev and told him that he was coming to evict him from Amritsar. Guru Arjan Dev recited the hymn in offering thanks to God in Rag Bilawal M. 5, p. 825 :


Lord ! from Sulhi grant protection.

Sulhi unable to achieve anything, an unclean death has met.

In Islam, the deads are burried and not burnt. Burning is unclean in Islam. As such, Sulhi Khan became unclean by getting burnt.

When Sulbi Khan, the nephew of Sulhi Khan came to know of his death, he said to Chandu, "Arjan Dev has killed my uncle by throwing him into the kiln by his magic. I want to take revenge of my uncle from him." Chandu himself wished that Guru Arjan Dev be harassed in one way or the other. He got permission from Jahangir for Sulbi Khan to avenge himself. Sulbi Khan proceeded to Amritsar from Lahore with his army. On the way, near river Beas, he had a quarrel with one of his officers, Hasan Ali who was demanding the pay for the last one year for himself and his men. Sulbi Khan said, "I have no knowledge of the arrears of pay. All your pending pay will be given on return to Lahore after checking the accounts." Seeing his demand not being met, Hasan Ali severed the head of Sulbi Khan with his sword. By the death of Sulbi Khan, Chandu's hope of evicting Guru Arjan Dev remained unfulfilled.

ਗ੍ਰਿਫ਼ਤਾਰੀ ਦਾ ਬਹਾਨਾ



Excuse for Arrest

ਗ੍ਰਿਫ਼ਤਾਰੀ ਦਾ ਬਹਾਨਾ

ਅਕਬਰ ਬੜਾ ਨੇਕ-ਦਿਲ ਅਤੇ ਧਰਮੀ ਬਾਦਸ਼ਾਹ ਸੀ। ਉਸ ਲਈ ਸਾਰੇ ਧਰਮ ਬਰਾਬਰ ਸਨ। ਉਸ ਨੇ ਹਿੰਦੂਆਂ ਉਪਰ ਲਗਾਇਆ ਜਜ਼ੀਆ ਟੈਕਸ ਵੀ ਖ਼ਤਮ ਕਰ ਦਿੱਤਾ ਸੀ, ਜਿਹੜਾ ਕਿ ਉਹਨਾਂ ਕੋਲੋਂ ਹਿੰਦੂ ਹੋਣ ਦੇ ਨਾਤੇ ਲਿਆ ਜਾਂਦਾ ਸੀ। ਉਸ ਨੇ ਮਰਨ ਤੋਂ ਪਹਿਲਾਂ ਆਪਣਾ ਦਿੱਲੀ ਦਾ ਰਾਜ ਆਪਣੇ ਪੁੱਤਰ ਜਹਾਂਗੀਰ ਨੂੰ ਸੌਂਪ ਦਿੱਤਾ, ਜਿਹੜਾ ਕੱਟੜ ਮੁਸਲਮਾਨਾਂ ਦੀ ਸੁਣਨ ਲੱਗਾ, ਜਿਹੜੇ ਅਸਲੀ ਧਰਮ ਦੇ ਅਸੂਲਾਂ ਉੱਪਰ ਚੱਲਣ ਦੀ ਥਾਂ ਰੀਤਾਂ ਨੂੰ ਹੀ ਸੱਚਾ ਧਰਮ ਸਮਝਦੇ ਸਨ। ਉਹ ਰੀਤਾਂ ਜਿਹੜੀਆਂ ਉਹ ਆਪਣੇ ਬਜ਼ੁਰਗਾਂ ਅਤੇ ਦੋਸਤਾਂ ਪਾਸੋਂ ਸੁਣਦੇ ਆਏ ਸਨ। ਮੁਰਤਜ਼ਾ ਖ਼ਾਨ, ਜਿਸ ਨੇ ਜਹਾਂਗੀਰ ਦੇ ਸ਼ਹਿਜ਼ਾਦੇ ਖੁਸਰੋ ਦੀ ਬਗ਼ਾਵਤ ਨੂੰ ਦਬਾਇਆ ਸੀ, ਉਸ ਦੀ ਹਰ ਗੱਲ ਜਹਾਂਗੀਰ ਸੁਣਦਾ ਸੀ ਅਤੇ ਉਸ ਨੂੰ ਪੁੱਛ ਕੇ ਹਰ ਕੰਮ ਕਰਦਾ ਸੀ। ਸ਼ੇਖ਼ ਅਹਿਮਦ ਸਰਹਿੰਦੀ ਨੇ ਉਸ ਦੇ ਮਨ ਵਿਚ ਵਸਾ ਦਿੱਤਾ ਸੀ ਕਿ ਤਲਵਾਰ ਦੇ ਜ਼ੋਰ ਨਾਲ ਹਿੰਦੁਸਤਾਨ ਵਿਚ ਇਸਲਾਮ ਨੂੰ ਫੈਲਾਇਆ ਜਾ ਸਕਦਾ ਹੈ। ਇਸ ਤਰ੍ਹਾਂ ਦੇ ਆਗੂ, ਜਹਾਂਗੀਰ ਨੂੰ ਇਸਲਾਮ ਦੇ ਨਾਂ ਉੱਪਰ ਤਲਵਾਰ ਚਲਾਉਣ ਦੀ ਸਲਾਹ ਦਿੰਦੇ ਸਨ, ਉਸ ਨੂੰ ਜ਼ੁਲਮ ਕਰਨ ਤੋਂ ਰੋਕਣ ਵਾਲਾ ਕੋਈ ਨਹੀਂ ਸੀ।

ਤੁਜ਼ਕ-ਏ-ਜਹਾਂਗੀਰੀ ਵਿਚ ਜਹਾਂਗੀਰ ਗੁਰੂ ਸਾਹਿਬਾਨ ਬਾਰੇ ਆਪ ਲਿਖਦਾ ਹੈ, "ਬਹੁਤ ਸਾਰੇ ਭੋਲੇ ਹਿੰਦੂਆਂ, ਮੂਰਖ ਅਤੇ ਕਮੀਨੇ ਮੁਸਲਮਾਨਾਂ ਨੂੰ ਉਸ ਨੇ ਆਪਣੀ ਰਹੁ-ਰੀਤੀ ਦੇ ਅਨੁਸਾਰੀ ਬਣਾ ਕੇ ਪੀਰ ਅਤੇ ਵੱਲੀ ਹੋਣ ਦੀ ਉੱਚੀ ਡੌਂਡੀ ਪਿਟਵਾਈ ਹੋਈ ਸੀ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਚਾਲੂ ਸੀ। ਚਿਰਾਂ ਤੋਂ ਮੇਰਾ ਚਿੱਤ ਕਰਦਾ ਸੀ ਕਿ ਇਸ ਕੂੜ ਦੀ ਦੁਕਾਨ ਨੂੰ ਬੰਦ ਕਰ ਦੇਵਾਂ ਜਾਂ ਉਸ ਨੂੰ ਇਸਲਾਮ ਵਿਚ ਲੈ ਆਵਾਂ।" ਜਹਾਂਗੀਰ ਦੀ ਇਸ ਲਿਖਤ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਉਹ ਗੁਰੂ ਘਰ ਦਾ ਕਿੰਨਾ ਵਿਰੋਧੀ ਸੀ। ਸਿਰਫ਼ ਉਹ ਬਹਾਨਾ ਲੱਭਦਾ ਸੀ ਜਿਸ ਨਾਲ ਉਹ ਵਧਦੀ ਸਿੱਖੀ ਨੂੰ ਰੋਕ ਸਕੇ।

6 ਮਾਰਚ, 1606 ਈ. ਨੂੰ ਜਹਾਂਗੀਰ ਦੇ ਛੋਟੇ ਸ਼ਹਿਜ਼ਾਦੇ ਖੁਸਰੋ ਨੇ ਬਗ਼ਾਵਤ ਕਰ ਦਿੱਤੀ। ਉਹ ਆਗਰੇ ਤੋਂ ਪੰਜਾਬ ਵਲ ਨੂੰ ਵਧਿਆ। ਰਸਤੇ ਵਿਚ ਉਸ ਨੇ ਤਰਨ ਤਾਰਨ ਪੁੱਜ ਕੇ ਗੁਰੂ ਘਰ ਵਿਚ ਲੰਗਰ ਛਕਿਆ, ਜਿਵੇਂ ਉਹ ਪਹਿਲਾਂ ਵੀ ਕਈ ਵਾਰੀ ਗੁਰੂ ਅਰਜਨ ਦੇਵ ਜੀ ਨੂੰ ਮਿਲਣ ਸਮੇਂ ਛਕ ਚੁੱਕਿਆ ਸੀ। ਉਹ ਗੁਰੂ ਜੀ ਨੂੰ ਆਪਣਾ ਰੂਹਾਨੀ ਗੁਰੂ ਮੰਨਦਾ ਸੀ, ਕਿਉਂਕਿ ਉਹਨਾਂ ਨੂੰ ਮਿਲਣ ਨਾਲ ਉਸ ਉਪਰ ਰੂਹਾਨੀਅਤ ਦੇ ਦਰ ਖੁਲ੍ਹ ਗਏ ਸਨ। ਤਰਨ ਤਾਰਨ ਤੋਂ ਬਾਅਦ ਉਹ ਲਾਹੌਰ ਵਲ ਵਧਿਆ। ਲਾਹੌਰ ਦੇ ਕਿਲ੍ਹੇਦਾਰ ਮੁਰਤਜ਼ਾ ਖ਼ਾਨ ਨੇ ਉਸ ਦਾ ਸਾਥ ਨਾ ਦਿੱਤਾ। ਖੁਸਰੋ, ਲਾਹੌਰ ਦੇ ਕਿਲ੍ਹੇ ਨੂੰ ਘੇਰਾ ਪਾ ਕੇ ਬੈਠ ਗਿਆ। ਕਿਲ੍ਹਾ ਫ਼ਤਹਿ ਨਾ ਕਰ ਸਕਿਆ ਅਤੇ ਜਦੋਂ ਉਸ ਨੂੰ ਜਹਾਂਗੀਰ ਦੇ ਆਉਣ ਦੀ ਖ਼ਬਰ ਮਿਲੀ ਤਾਂ ਉਹ ਕਾਬਲ ਨੂੰ ਭੱਜ ਗਿਆ। ਮੁਰਤਜ਼ਾ ਖ਼ਾਨ ਨੇ ਉਸ ਦਾ ਪਿੱਛਾ ਕੀਤਾ ਅਤੇ ਉਸ ਨੂੰ ਫ਼ਤਹਿਬਾਦ ਵਿਚ ਬੜੀ ਬੁਰੀ ਹਾਰ ਦਿੱਤੀ। ਉਸ ਨੂੰ ਅਤੇ ਉਸਦੇ ਸਾਥੀਆਂ ਨੂੰ ਬੰਦੀ ਬਣਾ ਕੇ ਜਹਾਂਗੀਰ ਪਾਸ, 29 ਅਪ੍ਰੈਲ, 1606 ਈ. ਨੂੰ ਲਾਹੌਰ ਪੇਸ਼ ਕੀਤਾ। ਖੁਸਰੋ ਦੇ ਸਾਥੀਆਂ ਨੂੰ, ਜਿਨ੍ਹਾਂ ਬਗ਼ਾਵਤ ਵਿਚ ਉਸਦਾ ਸਾਥ ਦਿੱਤਾ ਸੀ, ਕਾਮਰਾਨ ਬਾਗ਼ ਦੇ ਨੇੜੇ ਸੂਲੀਆਂ ਉੱਪਰ ਲਟਕਾ ਦਿੱਤਾ ਗਿਆ। ਖੁਸਰੋ ਨੂੰ ਉਸ ਦੇ ਵੱਡੇ ਭਰਾ ਖੁਰਮਸ਼ਾਹ ਜਹਾਨ ਨੇ ਜੇਲ੍ਹ ਵਿਚ ਰਖ ਕੇ ਕਤਲ ਕਰਵਾ ਦਿੱਤਾ।

ਖੁਸਰੋ ਦਾ ਤਰਨ ਤਾਰਨ ਜਾਣਾ ਹੀ, ਜਹਾਂਗੀਰ ਨੂੰ ਗੁਰੂ ਅਰਜਨ ਦੇਵ ਜੀ ਉੱਪਰ ਆਪਣੀ ਮਨਮਾਨੀ ਕਰਨ ਦਾ ਬਹਾਨਾ ਮਿਲ ਗਿਆ। ਉਸ ਨੇ ਮੁਰਤਜ਼ਾ ਖ਼ਾਨ ਨੂੰ 20 ਮਈ, 1606 ਈ. ਨੂੰ ਹੁਕਮ ਕੀਤਾ ਕਿ ਗੁਰੂ ਅਰਜਨ ਦੇਵ ਜੀ ਦਾ ਘਰ-ਘਾਟ ਜ਼ਬਤ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਸ਼ਾਹੀ ਕਾਨੂੰਨ ਅਨੁਸਾਰ ਤਸੀਹੇ ਦੇ ਕੇ ਖ਼ਤਮ ਕਰ ਦਿੱਤਾ ਜਾਵੇ।

Excuse for Arrest

Akbar was a gentle and virtuous king. For him every faith was equal. As such he abolished 'Jazia' the tax on Hindus for being Hindus. His son Jahangir succeeded him as king who started to listen to the bigoted Muslims who, instead of following the true tenets of faith, believed rituals to be the real faith. The rituals about which they heard from their elders and friends. Jahangir had great faith in Murtaza Khan, who had supressed the rebellion of his son Khusro. He always consulted him for everything before taking any decision. Sheikh Ahmad Sirhindi had put it firmly in Murtaza Khan's mind that Islam could be propagated in India by the power of sword. As Jahangir's consultants advised him to weild sword in the name of religion, there was no one to stop him from tyranny.

Jahangir writes in 'Tuzak-e-Jahangiri' about the Sikh Gurus as 'He had got himself proclaimed a holy man and saint by converting many simple-minded Hindus and foolish and mean Muslims to his way of thinking. This shop was running since three or four generations. I had in my mind since long either close this shop of untruth or bring it under Islam'. From writing of Jahangir, it can be understood as to what extent he was against the Guru's institutions. He was looking for an excuse by which he might halt the advancement of the Sikh faith.

Jahangir's younger son Khusro rebelled against him on 6th March, 1606. He advanced towards Punjab from Agra. On reaching Tarn Taran, on his way he partook food from the cummunity kitchen as he had done many times previously when he met Guru Arjan Dev. He used to say that Guru Arjan Dev was his spiritual guide as, by meeting him, the doors of spiritualism were opened to him. After that he advanced towards Lahore. The garrison commander of Lahore, Murtaza Khan, did not join him. Getting news of Jahangir following him, he ran towards Kabul. Murtaza Khan chased him and defeated him badly at Fatehbad. He and his companions were taken as prisoners and were produced before Jahangir at Lahore on 29th April, 1606. Khusro's companions, who had taken part in the rebellion with him, were hanged near Kamran Bagh. Khusro was handed over to his elder brother, Shahjehan who put him in jail and later on killed him.

The visit of Khusro to Tarn Taran came handy as an excuse for Jahangir to do as he wished with Guru Arjan Dev. He passed an order to Murtaza Khan on 20th May, 1606, "The hearth and home of Guru Arjan Dev be confiscated and he should be killed after torture in keeping with the royal law."

ਗੁਰੂ ਜੀ ਦੀ ਸ਼ਹਾਦਤ

ਗੁਰੂ ਅਰਜਨ ਦੇਵ ਜੀ ਸਮੇਂ ਦੀ ਚਾਲ ਨੂੰ ਸਮਝਦੇ ਸਨ.। ਉਨ੍ਹਾਂ ਨੂੰ ਜਹਾਂਗੀਰ ਦੇ ਵਿਚਾਰਾਂ ਦਾ ਪੂਰਾ ਪੂਰਾ ਗਿਆਨ ਸੀ। ਉਨ੍ਹਾਂ 15 ਮਈ, 1606 ਈ. ਨੂੰ ਗੁਰ-ਗੱਦੀ ਗੁਰੂ ਹਰਿਗੋਬਿੰਦ ਜੀ ਨੂੰ ਸੌਂਪ ਦਿੱਤੀ ਅਤੇ ਬਚਨ ਕੀਤੇ, "ਆਪ ਸਾਰੇ ਡੱਲੇ ਪਿੰਡ ਚਲੇ ਜਾਵੋ, ਅਸੀਂ ਅੰਮ੍ਰਿਤਸਰ ਹੀ ਰਹਾਂਗੇ।" ਜਹਾਂਗੀਰ ਦੇ 20 ਮਈ ਦੇ ਹੁਕਮ ਅਨੁਸਾਰ, 22 ਮਈ, 1606 ਈ. ਨੂੰ ਮੁਰਤਜ਼ਾ ਖ਼ਾਨ ਅੰਮ੍ਰਿਤਸਰ ਪੁੱਜਾ ਅਤੇ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਆਂਦਾ। ਮੁਰਤਜ਼ਾ ਖ਼ਾਨ ਦੇ ਵਾਪਸ ਪੁੱਜਣ ਤੋਂ ਪਹਿਲਾਂ ਹੀ ਜਹਾਂਗੀਰ ਸਿੰਧ ਵੱਲ ਚਲਿਆ ਗਿਆ ਸੀ।

ਜਹਾਂਗੀਰ ਦੇ ਨਾਲ ਚੰਦੂ ਵੀ ਲਾਹੌਰ ਆਇਆ ਸੀ। ਉਸ ਨੇ ਗੁਰੂ ਅਰਜਨ ਦੇਵ ਜੀ ਨਾਲ ਫਿਰ ਆਪਣੀ ਲੜਕੀ ਦੇ ਰਿਸ਼ਤੇ ਦੀ ਗੱਲਬਾਤ ਕਰਨ ਲਈ ਚੰਗਾ ਮੌਕਾ ਸਮਝਿਆ। ਉਸ ਨੇ ਮੁਰਤਜ਼ਾ ਖ਼ਾਨ ਪਾਸੋਂ ਗੁਰੂ ਅਰਜਨ ਦੇਵ ਜੀ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ। ਚੰਦੂ ਨੇ ਗੁਰੂ ਜੀ ਨੂੰ ਰਿਸ਼ਤਾ ਕਬੂਲ ਕਰਨ ਲਈ ਕਿਹਾ। ਉਨ੍ਹਾਂ ਜਵਾਬ ਦੇ ਦਿੱਤਾ। ਚੰਦੂ ਨੇ ਗੁਰੂ ਜੀ ਨੂੰ ਤਸੀਹੇ ਦੇਣ ਦਾ ਡਰ ਦਿੱਤਾ ਜਿਸ ਦਾ ਉਨ੍ਹਾਂ ਉੱਪਰ ਕੋਈ ਅਸਰ ਨਾ ਹੋਇਆ। ਉਨ੍ਹਾਂ ਦਾ ਜਵਾਬ ਨਾਂਹ ਹੀ ਰਿਹਾ। ਚੰਦੂ ਨੇ ਜਿਸ ਮਨੋਰਥ ਲਈ ਗੁਰੂ ਅਰਜਨ ਦੇਵ ਜੀ ਨੂੰ ਮੁਰਤਜ਼ਾ ਖ਼ਾਨ ਪਾਸੋਂ ਲਿਆ ਸੀ ਉਹ ਪੂਰਾ ਨਾ ਹੋਇਆ। ਚੰਦੂ ਨੇ ਫਿਰ ਜਹਾਂਗੀਰ ਦੀਆਂ ਸ਼ਰਤਾਂ ਗੁਰੂ ਜੀ ਅੱਗੇ ਰੱਖੀਆਂ, ਜਿਨ੍ਹਾਂ ਦੇ ਮੰਨਣ ਨਾਲ ਜਾਨ ਬਚ ਸਕਦੀ ਸੀ। ਗੁਰੂ ਜੀ ਨੇ ਨਾ ਇਸਲਾਮ ਧਾਰਨ ਕਰਨਾ ਮਨਜ਼ੂਰ ਕੀਤਾ ਅਤੇ ਨਾ ਹੀ ਹਜ਼ਰਤ ਮੁਹੰਮਦ ਸਾਹਿਬ ਦੀ ਤਾਰੀਫ਼ ਦਾ ਸ਼ਬਦ ਗ੍ਰੰਥ ਸਾਹਿਬ ਵਿਚ ਲਿਖਣਾ ਪ੍ਰਵਾਨ ਕੀਤਾ।

ਚੰਦੂ ਦੀਆਂ ਦੱਸੀਆਂ ਸ਼ਰਤਾਂ ਵਿਚੋਂ ਕੋਈ ਵੀ ਸ਼ਰਤ ਗੁਰੂ ਅਰਜਨ ਦੇਵ ਜੀ ਨੇ ਨਾ ਮੰਨੀ ਤਾਂ ਚੰਦੂ ਨੇ ਜਹਾਂਗੀਰ ਦੇ ਹੁਕਮ ਅਨੁਸਾਰ ਇਸਲਾਮੀ ਸ਼ਰ੍ਹਾ ਦੇ ਹਿਸਾਬ ਤਸੀਹੇ ਦੇਣ ਦਾ ਹੁਕਮ ਕਰ ਦਿੱਤਾ। ਪਹਿਲੇ ਦਿਨ ਗੁਰੂ ਅਰਜਨ ਦੇਵ ਜੀ ਨੂੰ ਜੇਠ ਹਾੜ ਦੀ ਤਪਦੀ ਰੇਤ ਵਿਚ ਬਿਠਾ ਕੇ ਤਸੀਹੇ ਦਿੱਤੇ ਗਏ। ਦੂਜੇ ਦਿਨ ਉਬਲਦੇ ਪਾਣੀ ਦੀ ਦੇਗ ਵਿਚ ਬਿਠਾਇਆ ਗਿਆ। ਤੀਜੇ ਦਿਨ ਤੱਤੇ ਤਵੇ ਉੱਪਰ ਬਿਠਾ ਕੇ ਉੱਪਰੋਂ ਕੜਛਿਆਂ ਨਾਲ ਤੱਤੀ ਰੇਤ ਸੀਸ ਉੱਪਰ ਪਾਈ ਗਈ। ਉਸ ਦਿਨ ਮੀਆਂ ਮੀਰ ਜੀ ਗੁਰੂ ਜੀ ਨੂੰ ਦੇਖਣ ਗਏ। ਉਨ੍ਹਾਂ ਦੇਖਿਆ ਕਿ ਜੱਲਾਦ ਸੜਦੀ ਰੇਤ ਦੇ ਕੜਛੇ ਭਰ ਭਰ ਕੇ ਗੁਰੂ ਜੀ ਦੇ ਸੀਸ ਉੱਪਰ ਪਾ ਰਿਹਾ ਸੀ ਪਰ ਉਹ ਸ਼ਾਂਤਮਈ ਅਤੁੱਟ ਸਮਾਧੀ ਵਿਚ ਮਗਨ ਬੈਠੇ ਸਨ, ਜਿਵੇਂ ਉਹ ਦੀਵਾਨ ਸਮੇਂ ਬੈਠਦੇ ਸਨ।

ਚੰਦੂ ਦਾ ਗੁੱਸਾ ਗੁਰੂ ਜੀ ਨੂੰ ਤੱਤੀ ਤਵੀ ਉੱਪਰ ਬਿਠਾ ਕੇ, ਸੜਦੀ ਰੇਤ ਸੀਸ ਉਪਰ ਪਵਾ ਕੇ ਵੀ ਠੰਢਾ ਨਾ ਹੋਇਆ। ਉਸ ਨੇ ਪੰਜਵੇਂ ਦਿਨ ਹੋਰ ਕਸ਼ਟ ਦੇਣ ਲਈ ਗੁਰੂ ਅਰਜਨ ਦੇਵ ਜੀ ਨੂੰ ਰਾਵੀ ਦਰਿਆ ਦੇ ਠੰਢੇ ਪਾਣੀ ਵਿਚ ਬਿਠਾ ਦਿੱਤਾ। ਇਸ ਤਰ੍ਹਾਂ 30 ਮਈ, 1606 ਈ. ਨੂੰ ਗੁਰੂ ਅਰਜਨ ਦੇਵ ਜੀ ਦੀ ਆਤਮਾ,ਪ੍ਰਮਾਤਮਾ ਵਿਚ ਲੀਨ ਹੋ ਗਈ। ਗੁਰੂ ਜੀ ਦੀ ਇਹ ਸ਼ਹੀਦੀ ਸੱਚ ਦੀ ਗਵਾਹੀ ਹੈ। ਉਨ੍ਹਾਂ ਉਹ ਗੱਲ ਨਹੀਂ ਮੰਨੀ ਜਿਹੜੀ ਉਨ੍ਹਾਂ ਦੇ ਅਸੂਲ ਦੇ ਉਲਟ ਸੀ, ਭਾਵੇਂ ਸਮੇਂ ਦੇ ਬਾਦਸ਼ਾਹ ਅਤੇ ਵਜ਼ੀਰ ਨੇ ਡਰਾਇਆ, ਧਮਕਾਇਆ ਅਤੇ ਤਸੀਹੇ ਦਿੱਤੇ। ਉਹ ਆਪਣੇ ਅਕੀਦੇ ਵਿਚ ਪੱਕੇ ਰਹੇ।

ਗੁਰੂ ਜੀ ਦੀ ਸ਼ਹਾਦਤ

The Guru's Martyrdom



The Guru's Martyrdom

Guru Arjan Dev understood the situation at that time very well. He knew, what was in Jahangir's mind. He entrusted the leadership of Sikhs to his son Hargobind on 15th of May, 1606 A.D. and said, "All of you should move to village Dalla and I shall stay at Amritsar." With Jahangir's order of 20th May, 1606 Murtaza Khan reached Amritsar. He arrested Guru Arjan Dev on 22nd May and brought him to Lahore. Jahangir had proceeded towards Sindh before the return of Murtaza Khan.

Chandu had accompanied Jahangir to Lahore. He thought it was a good opportunity to persuade Guru Arjan Dev once again for the marriage of his daughter. He took Guru Arjan Dev in his own custody from Murtaza Khan. Chandu asked Guru Arjan Dev to accept the relationship. The Guru refused. Chandu threatened the Guru with torture, which had no effect on him. The Guru's answer remained to be in the negative. The purpose, for which Chandu had taken Guru Arjan Dev from Murtaza Khan was not achieved. Chandu, then, put before Guru Arjan Dev, Jahangir's conditions by agreeing to which his life could be spared. The Guru agreed neither to embrace Islam nor to write words in praise of prophet Mohammad in the holy Granth.

When Guru Arjan Dev did not accept any of the conditions laid down by Chandu, he ordered, the Guru to be tortured in accordance with the Islamic law as ordered by Jahangir. On the first day, he was tortured by seating him on the hot summer sand. On the second day, he was put inside a pot of boiling water. On the third day, he was seated on a hot metal plate and hot sand was poured over his head with big ladels. On that day saint Mian Mir went to see him. He saw that while the executioner was pouring hot sand, Guru Arjan Dev sat in calm meditative mood as he used to sit during recital of Guru's Word in the congregation.

Chandu's anger was not satisfied even by seating the Guru on a hot metal plate and pouring hot sand on his head. On the fifth day, he made Guru Arjan Dev to sit in the cold water of river Ravi to inflict more torture. In this way, the soul of Guru Arjan Dev became one with the Infinite on 30th May, 1606. This martyrdom of Guru Arjan Dev is a witness to truth. He did not concede to that which was in conflict with his principles, although the king and his minister of that time threatened, coerced and tortured him. He remained firm in his faith.